# ਬਾਈ ਜੀ ਪੰਜਾਬੀ

Vol No. 01 Issue No. 01 Date : 20 October 2023 $1, www.baigpunjabi.com







## ਸਦਨ ਦੀ ਕਾਰਵਾਈ ਅਣਮਿਥੇ ਸਮੇਂ ਲਈ ਮੁਲਤਵੀ ਕਰ ਕੇ 'ਆਪ' ਨੇ ਮੰਨਿਆ ਕਿ ਇਜਲਾਸ ਗੈਰ-ਕਾਨੂੰਨੀ ਸੀ: ਬਾਜਵਾ

ਚੰਡੀਗੜ੍ਹ–ਵਿਰੋਧੀ ਧਿਰ ਦੇ ਆਗੂ, ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਸਦਨ ਦੀ ਕਾਰਵਾਈ ਅਚਾਨਕ ਅਣਮਿਥੇ ਸਮੇਂ ਲਈ ਮੁਲਤਵੀ ਕੀਤੇ ਜਾਣ ਦੇ ਨਾਲ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਵੀਕਾਰ ਕੀਤਾ ਹੈ ਕਿ ਸਦਨ ਦਾ ਇਜਲਾਸ ਗੈਰ–ਕਾਨੂੰਨੀ ਸੀ।ਇਸ ਤੋਂ ਪਹਿਲਾਂ ਬਾਜਵਾ ਨੇ ਸਪੀਕਰ ਨੂੰ ਸਪਸ਼ਟ ਕਰਨ ਲਈ ਕਿਹਾ ਕਿ ਕੀ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਇਤਰਾਜ਼ ਤੋਂ ਬਾਅਦ ਅੱਜ ਸ਼ੁਰੂ ਹੋਇਆ ਦੋ ਰੋਜ਼ਾ ਵਿਧਾਨ ਸਭਾ ਇਜਲਾਸ ਕਾਨੂੰਨੀ ਸੀ। ਬਾਜਵਾ ਨੇ ਸਦਨ ਦੇ ਇਜਲਾਸ ਨੂੰ ਵਿਅਰਥ ਅਤੇ ਪੰਜਾਬ ਦੇ ਖ਼ਜ਼ਾਨੇ ਦੀ ਪੂਰੀ ਬਰਬਾਦੀ ਕਰਾਰ ਦਿੱਤਾ।

ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਹੁਣ ਰਾਜਪਾਲ ਦੇ ਉਸ ਪੱਤਰ, ਜਿਸ ਵਿਚ ਉਨ੍ਹਾਂ ਨੇ ਇਜਲਾਸ ਨੂੰ ਗੈਰ–ਕਾਨੂੰਨੀ ਕਰਾਰ ਦਿੱਤਾ ਸੀ, ਵਿਰੁੱਧ ਸੁਪਰੀਮ ਕੋਰਟ ਜਾਣ ਦੀ ਯੋਜਨਾ ਬਣਾ ਰਹੀ ਹੈ। ਜੇ ਇਸ ਨੇ ਇਸ ਮੁੱਦੇ ਨੂੰ ਸੁਪਰੀਮ ਕੋਰਟ ਵਿੱਚ ਲਿਜਾਣਾ ਸੀ ਤਾਂ ਇਸ ਨੇ ਸਦਨ ਦਾ ਇਜਲਾਸ ਕਿਉਂ ਬੁਲਾਇਆ ?



ਉਨ੍ਹਾਂ ਕਿਹਾ ਕਿ ਅਸੀਂ ਸਦਨ ਦੇ ਇਜਲਾਸ ਦਾ ਬਾਈਕਾਟ ਨਹੀਂ ਕੀਤਾ ਕਿਉਂਕਿ ਅਸੀਂ ਪੰਜਾਬ ਨਾਲ ਜੁੜੇ ਮੁੱਦਿਆਂ 'ਤੇ ਉਸਾਰੂ ਚਰਚਾ ਦੀ ਉਮੀਦ ਕਰ ਰਹੇ ਸੀ।

ਬਾਜਵਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਜੇ ਤੱਕ ਐਸਵਾਈਐਲ ਨਹਿਰ ਸਰਵੇਖਣ 'ਤੇ ਆਪਣੀ ਸਰਕਾਰ ਦਾ ਸਟੈਂਡ ਸਪਸ਼ਟ ਨਹੀਂ ਕੀਤਾ ਹੈ।

ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਹਾਲ ਹੀ ਵਿੱਚ 'ਆਪ' ਸਰਕਾਰ ਵੱਲੋਂ ਕੀਤੀਆਂ ਗਈਆਂ ਕੁਝ ਕਾਰਵਾਈਆਂ ਪੰਜਾਬ ਨਾਲ ਗ਼ੱਦਾਰੀ ਸਾਬਤ ਹੋਈਆਂ ਹਨ। ਕਰਨਾਲ 'ਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪੰਜਾਬ ਤੋਂ 'ਆਪ' ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਸਤਲੁਜ ਯਮੁਨਾ ਲਿੰਕ ਨਹਿਰ ਸਰਵੇਖਣ ਨੂੰ ਲੈ ਕੇ ਪੰਜਾਬ ਦੀ ਪਿੱਠ 'ਤੇ ਚਾਕੂ ਮਾਰਿਆ।

ਉਨ੍ਹਾਂ ਕਿਹਾ ਕਿ ਦਰਿਆਈ ਪਾਣੀਆਂ 'ਤੇ ਪੰਜਾਬ ਦੇ ਵਿਸ਼ੇਸ਼ ਅਧਿਕਾਰਾਂ ਦੀ ਮਜ਼ਬੂਤੀ ਨਾਲ ਰੱਖਿਆ ਕਰਨ ਦੀ ਬਜਾਏ ਪਾਠਕ ਨੇ ਹਰਿਆਣਾ ਦਾ ਪੱਖ ਲੈਂਦੇ ਹੋਏ ਦਾਅਵਾ ਕੀਤਾ ਕਿ ਹਰਿਆਣਾ ਨੂੰ ਉਸ ਦੇ ਹਿੱਸੇ ਦਾ ਪਾਣੀ ਮਿਲਣਾ ਚਾਹੀਦਾ ਹੈ।

ਬਾਜਵਾ ਨੇ ਕਿਹਾ ਕਿ ਇਸ ਤੋਂ ਪਹਿਲਾਂ 'ਆਪ' ਪੰਜਾਬ ਸਰਕਾਰ ਨੇ 'ਆਪ' ਹਰਿਆਣਾ ਮੁਹਿੰਮ ਕਮੇਟੀ ਦੇ ਚੇਅਰਮੈਨ ਡਾ. ਅਸ਼ੋਕ ਤੰਵਰ ਸਮੇਤ 'ਆਪ' ਹਰਿਆਣਾ ਦੇ ਅਹੁਦੇਦਾਰਾਂ ਨੂੰ ਸਤਲੁਜ ਯਮੁਨਾ ਲਿੰਕ ਨਹਿਰ 'ਤੇ ਪੰਜਾਬ ਵਿਰੋਧੀ ਏਜੰਡੇ ਦਾ ਪ੍ਰਚਾਰ ਕਰਨ ਲਈ ਇੱਕ ਮੰਚ ਮੁਹੱਈਆ ਕਰਵਾਇਆ ਸੀ।

ਕਾਦੀਆਂ ਦੇ ਵਿਧਾਇਕ ਨੇ ਕਿਹਾ ਕਿ ਹਾਲ ਹੀ ਵਿੱਚ ਸੁਪਰੀਮ ਕੋਰਟ ਦੀ ਸੁਣਵਾਈ ਦੌਰਾਨ 'ਆਪ' ਸਰਕਾਰ ਨੇ ਆਪਣੇ ਵਕੀਲ ਰਾਹੀਂ ਐਡਵੋਕੇਟ ਜਨਰਲ ਦੇ ਦਫ਼ਤਰ ਵੱਲੋਂ ਦਿੱਤੀ ਗਈ ਬ੍ਰੀਫਿੰਗ 'ਤੇ ਸਪਸ਼ਟ ਤੌਰ 'ਤੇ ਪੰਜਾਬ ਵਿੱਚ ਐਸਵਾਈਐਲ ਨਹਿਰ ਬਣਾਉਣ ਦੀ ਇੱਛਾ ਜ਼ਾਹਿਰ ਕੀਤੀ ਸੀ। ਸੁਪਰੀਮ ਕੋਰਟ ਵਿੱਚ 'ਆਪ' ਸਰਕਾਰ ਦੇ ਵਕੀਲ ਨੇ ਵਿਰੋਧੀ ਪਾਰਟੀਆਂ ਅਤੇ ਕਿਸਾਨਾਂ ਨੂੰ ਐਸਵਾਈਐਲ ਨਹਿਰ ਦੀ ਉਸਾਰੀ ਦਾ ਵਿਰੋਧ ਕਰਨ ਲਈ ਜ਼ਿੰਮੇਵਾਰ ਠਹਿਰਾਇਆ।

## ਰਾਜਪਾਲ ਵੱਲੋਂ ਵਿੱਤੀ ਬਿੱਲ ਰੋਕਣ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਚੈਲੰਜ ਕਰਾਂਗੇ, ਨਵੰਬਰ 'ਚ ਬੁਲਾਵਾਂਗੇ ਪੂਰਾ ਸੈਸ਼ਨ- ਮਾਨ



ਸ਼ੁੱਕਰਵਾਰ ਨੂੰ ਪੰਜਾਬ ਵਿਧਾਨ ਸਭਾ 'ਚ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਗਵਰਨਰ ਵੱਲੋਂ ਵਿੱਤੀ ਬਿੱਲਾਂ ਨੂੰ ਰੋਕਣ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਕਰਾਂਗੇ ਚੈਲੰਜ ਕਰਾਂਗੇ ਅਤੇ 30 ਅਕਤੂਬਰ ਨੂੰ ਕੋਰਟ ਜਾਵਾਗੇ। ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ, ਪੰਜਾਬ ਸਰਕਾਰ 30 ਅਕਤੂਬਰ ਨੂੰ ਰਾਜਪਾਲ ਬਨਵਾਰੀਲਾਲ ਪੁਰੋਹਿਤ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਜਾਵੇਗੀ।ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅਦਾਲਤ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਨਵੰਬਰ ਦੇ ਪਹਿਲੇ ਹਫ਼ਤੇ ਸੈਸ਼ਨ ਦੁਬਾਰਾ ਬੁਲਾਇਆ ਜਾਵੇਗਾ ਅਤੇ ਫਿਰ ਸਾਰੇ ਬਿੱਲ ਪੇਸ਼ ਕੀਤੇ ਜਾਣਗੇ। ਇਸ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਦਾ ਦੋ ਦਿਨਾਂ ਵਿਸ਼ੇਸ਼ ਸੈਸ਼ਨ ਅੱਜ ਪਹਿਲੇ ਦਿਨ ਹੀ ਦੁਪਹਿਰੋਂ ਬਾਅਦ ਕਾਰਵਾਈ ਮਗਰੋਂ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ।ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵਿਚਾਲੇ ਤਿੱਖੀ ਬਹਿਸ ਹੋਈ। ਜਿਵੇਂ ਹੀ ਸੀਐਮ ਮਾਨ ਸੰਬੋਧਨ ਕਰ ਰਹੇ ਸਨ ਤਾਂ, ਪ੍ਰਤਾਪ ਸਿੰਘ ਬਾਜਵਾ ਵੀ ਸੀਐਮ ਦੇ ਭਾਸ਼ਣ 'ਚ ਬੋਲਣ ਲੱਗ ਪਏ। ਇਸੇ ਦੌਰਾਨ ਹੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵਿਚਾਲੇ ਤੂੰ ਤੂੰ ਮੈਂ ਮੈਂ ਹੋ ਗਈ। ਬਾਜਵਾ ਨੇ ਜਿਥੇ ਮੁੱਖ ਮੰਤਰੀ ਨੂੰ ਤੂੰ ਕਹਿ ਕੇ ਸੰਬੋਧਨ ਕੀਤਾ, ਉਥੇ ਹੀ ਬਾਜਵਾ ਬਾਰੇ ਸਪੀਕਰ ਸਾਹਮਣੇ ਬੋਲਦਿਆਂ ਮਾਨ ਨੇ ਕਿਹਾ ਕਿ, ਬਾਜਵਾ ਮੈਨੂੰ ਤੂੰ ਕਹਿ ਕੇ ਬੋਲ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ, ਬਾਜਵਾ ਦਾ ਹੰਕਾਰ ਬੋਲ ਰਿਹਾ। ਇਸੇ ਦੌਰਾਨ ਹੀ ਸੀਐਮ ਨੇ ਚੈਲੰਜ ਕੀਤਾ ਕਿ, 1 ਨਵੰਬਰ ਨੂੰ ਓਪਨ ਡਿਬੇਟ ਤੇ ਆਓਗੇ ?

## ਅੰਮ੍ਰਿਤਪਾਲ ਦੇ ਸਾਥੀ ਨੇ ਪੰਜਾਬ-ਹਰਿਆਣਾ ਹਾਈਕੋਰਟ 'ਚ ਦਿੱਤੀ NSA ਤਹਿਤ ਕੀਤੀ ਕਾਰਵਾਈ ਨੂੰ ਚੁਣੌਤੀ

ਚੰਡੀਗੜ੍ਹ– ਕੁਝ ਮਹੀਨੇ ਪਹਿਲਾਂ ਐਨਐਸਏ ਤਹਿਤ ਆਸਾਮ ਦੇ ਡਿਬਰੂਗੜ੍ਹ ਜੇਲ੍ਹ ਵਿੱਚ ਭਾਈ ਅਮ੍ਰਿਤਪਾਲ ਸਿੰਘ ਦੇ ਇੱਕ ਸਾਥੀ ਬਸੰਤ ਸਿੰਘ ਨੇ ਪੰਜਾਬ–ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਖ਼ਲ ਕੀਤੀ ਹੈ।



ਦੱਸ ਦਈਏ ਕਿ ਬਸੰਤ ਸਿੰਘ ਦੀ ਪਟੀਸ਼ਨ ਦਾਇਰ ਕਰਨ ਤੋਂ ਪਹਿਲਾ ਗੁਰਮੀਤ ਸਿੰਘ ਭੁੱਕਣਵਾਲਾ ਨੇ ਵੀ ਪਟੀਸ਼ਨ ਦਾਇਰ ਕੀਤੀ ਸੀ, ਗੁਰਮੀਤ ਸਿੰਘ ਭੁੱਕਣਵਾਲਾ ਨੇ ਕਿਹਾ ਕਿ ਅੰਮ੍ਰਿਤਪਾਲ ਨੂੰ ਗ੍ਰਿਫਤਾਰ ਕਰਨ ਲਈ ਪੰਜਾਬ ਭਰ ਵਿੱਚ 18 ਮਾਰਚ ਤੋਂ ਮੁਹਿੰਮ ਸ਼ੁਰੂ ਕੀਤੀ ਗਈ ਸੀ। ਅੰਮ੍ਰਿਤਪਾਲ ਦੇ ਕਈ ਸਾਥੀਆਂ ਨੂੰ ਉਸੇ ਦਿਨ ਹੀ ਗ੍ਰਿਫਤਾਰ ਕਰ ਲਿਆ ਗਿਆ। ਜਿਨ੍ਹਾਂ 'ਤੇ NSA ਲਗਾ ਕੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ। ਪਟੀਸ਼ਨਰ ਵੀ ਉਨ੍ਹਾਂ ਵਿੱਚੋਂ ਇੱਕ ਸੀ।ਭੁਕਣਵਾਲਾ ਨੇ ਖੁਦ ਨੂੰ ਦੱਸਿਆ ਬੇਕਸੂਰ

ਉਸ ਨੇ ਅੱਗੇ ਕਿਹਾ ਹੈ ਕਿ ਪਟੀਸ਼ਨਰ 'ਤੇ ਇਲਜ਼ਾਮ ਹੈ ਕਿ ਉਹ 23 ਫਰਵਰੀ ਨੂੰ ਅਜਨਾਲਾ ਥਾਣੇ 'ਤੇ ਹੋਏ ਹਮਲੇ 'ਚ ਸ਼ਾਮਲ ਸੀ। ਨਾਲ ਹੀ ਉਸ ਉੱਤੇ ਇਹ ਵੀ ਇਲਜ਼ਾਮ ਹੈ ਕਿ ਉਸ ਨੇ ਅੰਮ੍ਰਿਤਪਾਲ ਦੇ ਸਮਰਥਨ ਵਿੱਚ ਨੌਜਵਾਨਾਂ ਨੂੰ ਉਕਸਾਇਆ। ਉਸ ਲਈ ਸਥਾਨਕ ਨੈੱਟਵਰਕ ਕਾਇਮ ਕਰਕੇ ਜਥੇਬੰਦੀ ਨੂੰ ਮਜਬੂਤ ਕੀਤਾ ਅਤੇ ਅੰਮ੍ਰਿਤਪਾਲ ਨੂੰ ਪੁਲਿਸ ਦੀ ਪਹੁੰਚ ਤੋਂ ਦੂਰ ਰੱਖਣ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਸਨ।




ਨੌਵਾਂ ਜੀ-20 ਪਾਰਲੀਮੈਂਟਰੀ ਸਪੀਕਰਜ਼ ਸੰਮੇਲਨ (ਪੀ20)

# ਅੱਤਵਾਦ ਵਿਸ਼ਵ ਲਈ ਵੱਡੀ ਚੁਣੌਤੀ ਅਤੇ ਮਨੁੱਖਤਾ ਦੇ ਵਿਰੁੱਧ: ਮੋਦੀ

ਨਵੀਂ ਦਿੱਲੀ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 13 ਅਕਤੂਬਰ ਨੂੰ ਇੱਥੇ ਯਸ਼ੋਭੂਮੀ ਕਨਵੈਨਸ਼ਨ ਸੈਂਟਰ ਵਿੱਚ ਜੀ-20 ਮੈਂਬਰ ਦੇਸ਼ਾਂ (ਪੀ20) ਦੇ ਸੰਸਦਾਂ ਦੇ ਪ੍ਰਧਾਨਗੀ ਪ੍ਰਧਾਨਾਂ ਦੀ ਨੌਵੀਂ ਕਾਨਫਰੰਸ ਦਾ ਉਦਘਾਟਨ ਕੀਤਾ। ਇਸ ਦੌਰਾਨ ਮੋਦੀ ਨੇ ਕਿਹਾ,ਸੰਘਰਸ਼ ਤੇ ਟਕਰਾਅ ਨਾਲ ਭਰੀ ਦੁਨੀਆ ਕਿਸੇ ਨੂੰ ਲਾਭ ਨਹੀਂ ਪਹੁੰਚਾ ਸਕਦੀ। ਇੱਕ ਵੰਡਿਆ ਹੋਇਆ ਸੰਸਾਰ ਸਾਡੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਦਾ ਹੱਲ ਪ੍ਰਦਾਨ ਨਹੀਂ ਕਰ ਸਕਦਾ। ਇਹ ਸ਼ਾਂਤੀ ਅਤੇ ਭਾਈਚਾਰੇ ਦਾ ਸਮਾਂ ਹੈ, ਇਕੱਠੇ ਚੱਲਣ ਦਾ ਸਮਾਂ ਹੈ। ਇਹ ਸਮਾਂ ਮਿਲ ਕੇ ਅੱਗੇ ਵਧਣ ਦਾ ਹੈ। ਇਹ ਸਭ ਦੇ ਵਿਕਾਸ ਅਤੇ ਕਲਿਆਣ ਦਾ ਸਮਾਂ ਹੈ।'' ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਅੱਤਵਾਦ ਨੂੰ ਲੈ ਕੇ ਲਗਾਤਾਰ ਸਖਤ ਰਹਿਣਾ ਹੋਵੇਗਾ। ਦਿੱਲੀ ਵਿੱਚ ਨੌਵੇਂ ਪੀ20 ਸੰਮੇਲਨ ਵਿੱਚ ਬੋਲਦਿਆਂ ਮੋਦੀ ਨੇ ਕਿਹਾ, 'ਭਾਰਤ ਕਈ ਸਾਲਾਂ ਤੋਂ ਸਰਹੱਦ ਪਾਰ ਅੱਤਵਾਦ ਦਾ ਸਾਹਮਣਾ ਕਰ ਰਿਹਾ ਹੈ। ਲਗਭਗ 20 ਸਾਲ ਪਹਿਲਾਂ, ਅੱਤਵਾਦੀਆਂ ਨੇ ਸਾਡੀ ਸੰਸਦ ਨੂੰ ਉਦੋਂ ਨਿਸ਼ਾਨਾ ਬਣਾਇਆ ਜਦੋਂ ਇਹ ਸੈਸ਼ਨ ਚੱਲ ਰਿਹਾ ਸੀ। ਦੁਨੀਆ ਨੇ ਇਹ ਵੀ ਮਹਿਸੂਸ ਕੀਤਾ ਕਿ ਇਹ ਕਿੰਨਾ ਵੱਡਾ ਹੈ।' ਅੱਤਵਾਦ ਵਿਸ਼ਵ ਲਈ ਚੁਣੌਤੀ ਹੈ ਅਤੇ ਇਹ ਮਨੁੱਖਤਾ ਦੇ ਵਿਰੁੱਧ ਹੈ। ਦੁਨੀਆ ਦੀਆਂ ਪਾਰਲੀਮੈਂਟਾਂ ਅਤੇ ਉਨ੍ਹਾਂ ਦੇ ਪ੍ਰਤੀਨਿਧਾਂ ਨੂੰ ਇਸ ਗੱਲ 'ਤੇ ਵਿਚਾਰ ਕਰਨ ਦੀ ਲੋੜ ਹੈ ਕਿ ਅੱਤਵਾਦ ਦੇ ਖਿਲਾਫ ਲੜਾਈ ਵਿਚ ਕਿਵੇਂ ਮਿਲ ਕੇ ਕੰਮ ਕਰਨਾ ਹੈ। 9ਵੇਂ ਜੀ-20 ਪਾਰਲੀਮੈਂਟਰੀ ਸਪੀਕਰਸ ਸੰਮੇਲਨ (ਪੀ20) 'ਚ ਪੀ.ਐੱਮ ਮੋਦੀ ਨੇ ਕਿਹਾ, 'ਭਾਰਤ ਚੰਦਰਮਾ 'ਤੇ ਉਤਰਿਆ। ਭਾਰਤ ਨੇ ਜੀ-20 ਸੰਮੇਲਨ ਦੀ ਸਫਲਤਾਪੂਰਵਕ ਮੇਜ਼ਬਾਨੀ ਕੀਤੀ। ਅੱਜ ਅਸੀਂ ਪੀ-20 ਸੰਮੇਲਨ ਦੀ ਮੇਜ਼ਬਾਨੀ ਕਰ ਰਹੇ ਹਾਂ। ਇਹ ਸੰਮੇਲਨ ਸ਼ਕਤੀ ਦਾ ਜਸ਼ਨ ਮਨਾਉਣ ਦਾ ਮਾਧਿਅਮ ਵੀ ਹੈ। ਪੀ-20 ਸਿਖਰ ਸੰਮੇਲਨ ਭਾਰਤ ਵਿੱਚ ਹੋ ਰਿਹਾ ਹੈ, ਜੋ ਲੋਕਤੰਤਰ ਦੀ ਮਾਂ ਹੈ ਅਤੇ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਵੀ ਹੈ... ਦੁਨੀਆ ਭਰ ਦੀਆਂ ਸੰਸਦਾਂ ਬਹਿਸ ਅਤੇ ਵਿਚਾਰ-ਵਟਾਂਦਰੇ ਲਈ ਇੱਕ ਮਹੱਤਵਪੂਰਨ ਸਥਾਨ ਹਨ' ਇਸ ਕਾਨਫਰੰਸ ਦੀ ਮੇਜ਼ਬਾਨੀ ਭਾਰਤ ਦੀ ਜੀ-20 ਪ੍ਰਧਾਨਗੀ ਦੇ ਵਿਆਪਕ ਢਾਂਚੇ ਦੇ ਤਹਿਤ ਸੰਸਦ ਦੁਆਰਾ ਕੀਤੀ ਜਾ ਰਹੀ ਹੈ। ਜੀ20 ਦੀ ਭਾਰਤ ਦੀ ਪ੍ਰਧਾਨਗੀ ਅਨੁਸਾਰ, ਨੌਵੇਂ ਪੀ20 ਸੰਮੇਲਨ ਦਾ ਵਿਸ਼ਾ 'ਇੱਕ ਧਰਤੀ, ਇੱਕ ਪਰਿਵਾਰ, ਇੱਕ ਭਵਿੱਖ ਲਈ ਸੰਸਦ' ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਭਾਰਤ ਚੋਣਾਂ ਦੌਰਾਨ ਪਾਰਦਰਸ਼ਤਾ ਅਤੇ ਕੁਸ਼ਲਤਾ ਵਧਾਉਣ ਲਈ 25 ਸਾਲਾਂ ਤੋਂ ਵੱਧ ਸਮੇਂ ਤੋਂ ਈ.ਵੀ.ਐੱਮ. ਦੀ ਵਰਤੋਂ ਕਰ ਰਿਹਾ ਹੈ। 2024 ਦੀਆਂ ਆਮ




ਚੋਣਾਂ ਦੌਰਾਨ ਲਗਭਗ 100 ਕਰੋੜ ਭਾਵ 1 ਅਰਬ ਵੋਟਰ ਆਪਣੀ ਵੋਟ ਪਾਉਣ ਜਾ ਰਹੇ ਹਨ। ਮੈਂ ਸਾਰਿਆਂ ਨੂੰ ਸੱਦਾ ਦਿੰਦਾ ਹਾਂ। ਅਗਲੀਆਂ ਆਮ ਚੋਣਾਂ ਦੇਖਣ ਲਈ ਡੈਲੀਗੇਟ ਭਾਰਤ ਆਉਣ।' ਦਿੱਲੀ ਵਿੱਚ ਨੌਵੇਂ ਪੀ20 ਸੰਮੇਲਨ ਵਿੱਚ ਬੋਲਦਿਆਂ ਮੋਦੀ ਨੇ ਕਿਹਾ, 'ਭਾਰਤ ਵਿੱਚ ਆਮ ਚੋਣਾਂ ਨੂੰ ਸਭ ਤੋਂ ਵੱਡਾ ਤਿਉਹਾਰ ਮੰਨਿਆ ਜਾਂਦਾ ਹੈ। ਆਜ਼ਾਦੀ ਤੋਂ ਬਾਅਦ, ਭਾਰਤ ਨੇ 17 ਆਮ ਚੋਣਾਂ ਅਤੇ 300 ਤੋਂ ਵੱਧ ਰਾਜ ਵਿਧਾਨ ਸਭਾ ਚੋਣਾਂ ਦੇਖੀਆਂ ਹਨ। ਭਾਰਤ ਨਾ ਸਿਰਫ਼ ਸਭ ਤੋਂ ਵੱਡਾ ਆਯੋਜਨ ਕਰਦਾ ਹੈ, ਸਗੋਂ ਵੀ ਇਸ ਵਿੱਚ ਹਿੱਸਾ ਲੈਂਦਾ ਹੈ।' ਲੋਕ ਲਗਾਤਾਰ ਵਧ ਰਹੇ ਹਨ। ਭਾਰਤ ਵਿੱਚ 2019 ਦੀਆਂ ਆਮ ਚੋਣਾਂ ਮਨੁੱਖੀ ਇਤਿਹਾਸ ਵਿੱਚ ਸਭ ਤੋਂ ਵੱਡੀ ਚੋਣ ਅਭਿਆਸ ਸੀ - 600 ਮਿਲੀਅਨ ਤੋਂ ਵੱਧ ਵੋਟਰਾਂ ਨੇ ਅਭਿਆਸ ਵਿੱਚ ਹਿੱਸਾ ਲਿਆ। 2019 ਦੀਆਂ ਚੋਣਾਂ ਵਿੱਚ 70% ਮਤਦਾਨ ਭਾਰਤ ਵਿੱਚ ਸੰਸਦੀ ਅਭਿਆਸਾਂ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। 2019 ਵਿੱਚ, 600 ਤੋਂ ਵੱਧ ਸਿਆਸੀ ਪਾਰਟੀਆਂ ਨੇ ਆਮ ਚੋਣਾਂ ਵਿੱਚ ਹਿੱਸਾ ਲਿਆ ਸੀ।' 9ਵੇਂ ਜੀ-20 ਪਾਰਲੀਮੈਂਟਰੀ ਸਪੀਕਰਸ ਸੰਮੇਲਨ (ਪੀ20) ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਭਾਰਤ ਨੇ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਔਰਤਾਂ ਨੂੰ 33% ਰਾਖਵਾਂਕਰਨ ਦੇਣ ਦਾ ਫੈਸਲਾ ਕੀਤਾ ਹੈ। ਭਾਰਤ ਵਿੱਚ ਸਥਾਨਕ ਸਵੈ-ਸ਼ਾਸਨ ਸੰਸਥਾਵਾਂ ਵਿੱਚ ਲਗਭਗ 32 ਲੱਖ ਚੁਣੇ ਹੋਏ ਪ੍ਰਤੀਨਿਧੀ ਹਨ।' ਇਹਨਾਂ ਵਿੱਚੋਂ ਲਗਭਗ 50% ਔਰਤਾਂ ਪ੍ਰਤੀਨਿਧ ਹਨ। ਭਾਰਤ ਅੱਜ ਹਰ ਖੇਤਰ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਦਾ ਹੈ।

## ਗਲੋਬਲ ਅਰਥਵਿਵਸਥਾ 'ਚ ਯੋਗਦਾਨ ਪਾਉਣ 'ਚ ਚੀਨ ਨੂੰ ਪਛਾੜੇਗਾ ਭਾਰਤ

ਜੇਕਰ ਭਾਰਤੀ ਅਰਥਵਿਵਸਥਾ ਹਰ ਸਾਲ 8 ਫੀਸਦੀ ਦੀ ਦਰ ਨਾਲ ਵਧਦੀ ਰਹੀ ਤਾਂ 2028 ਤੱਕ ਇਹ ਵਿਸ਼ਵ ਅਰਥਵਿਵਸਥਾ ਦੇ ਵਾਧੇ 'ਚ ਚੀਨ ਤੋਂ ਵੱਧ ਯੋਗਦਾਨ ਪਾ ਸਕਦੀ ਹੈ। ਇਸ ਦੇ ਲਈ ਰਵਾਇਤੀ ਖੇਤਰਾਂ ਵਰਗੇ ਖੇਤਰਾਂ ਵਿੱਚ ਵਧੇਰੇ ਨਿਵੇਸ਼ ਦੀ ਲੋੜ ਹੋਵੇਗੀ। Barclays Plc ਨੇ ਆਪਣੀ ਇੱਕ ਰਿਪੋਰਟ ਵਿੱਚ ਇਹ ਗੱਲਾਂ ਕਹੀਆਂ ਹਨ।

ਬਾਰਕਲੇਜ਼ ਮੁਤਾਬਕ ਭਾਰਤ ਨੂੰ ਮਾਈਨਿੰਗ, ਯੂਟਿਲਿਟੀਜ਼, ਟਰਾਂਸਪੋਰਟ ਅਤੇ ਸਟੋਰੇਜ ਵਰਗੇ ਸੈਕਟਰਾਂ 'ਚ ਜ਼ਿਆਦਾ ਨਿਵੇਸ਼ ਕਰਨਾ ਹੋਵੇਗਾ। Barclays ਦੇ ਅਰਥ ਸ਼ਾਸਤਰੀ ਰਾਹੁਲ ਬਜੋਰੀਆ ਨੇ ਆਪਣੇ ਨੋਟ 'ਚ ਲਿਖਿਆ ਹੈ ਕਿ ਇਨ੍ਹਾਂ ਸੈਕਟਰਾਂ 'ਚ ਜ਼ਿਆਦਾ ਨਿਵੇਸ਼ ਦਾ ਅਸਰ ਪੂਰੀ ਅਰਥਵਿਵਸਥਾ 'ਤੇ ਦੇਖਣ ਨੂੰ ਮਿਲੇਗਾ। ਉਨ੍ਹਾਂ ਲਿਖਿਆ ਕਿ ਪਿਛਲੇ ਕੁਝ ਸਾਲਾਂ ਵਿੱਚ ਇਨ੍ਹਾਂ ਖੇਤਰਾਂ ਵਿੱਚ ਨਿਵੇਸ਼ ਵਿੱਚ ਕਮੀ ਆਈ ਹੈ ਅਤੇ ਦੂਰਸੰਚਾਰ ਅਤੇ ਡਿਜੀਟਲ ਖੇਤਰਾਂ ਵਿੱਚ ਨਿਵੇਸ਼ ਵਧਿਆ ਹੈ। ਪਰ ਇਨ੍ਹਾਂ ਰਵਾਇਤੀ ਖੇਤਰਾਂ ਵਿੱਚ ਸਰਕਾਰ ਵੱਲੋਂ ਹੋਰ ਨਿਵੇਸ਼ ਦੀ ਲੋੜ ਹੈ।

ਰਾਹੁਲ ਬਜੋਰੀਆ ਨੇ ਆਪਣੇ ਨੋਟ ਵਿੱਚ ਲਿਖਿਆ ਕਿ ਰਵਾਇਤੀ ਖੇਤਰਾਂ ਵਿੱਚ ਵਧੇਰੇ ਨਿਵੇਸ਼ ਰੁਜ਼ਗਾਰ ਦੇ ਮੌਕੇ ਵਧਾਏਗਾ ਅਤੇ ਲੋਕਾਂ ਦੀ ਆਮਦਨ ਵਿੱਚ ਵਾਧਾ ਕਰੇਗਾ, ਜਿਸ ਨਾਲ ਆਰਥਿਕ ਵਿਕਾਸ ਨੂੰ ਤੇਜ਼ ਕਰਨ ਵਿੱਚ ਮਦਦ ਮਿਲੇਗੀ ਜੋ ਨੀਤੀ ਨਿਰਮਾਤਾ ਵੀ ਚਾਹੁੰਦੇ ਹਨ। 2005 ਤੋਂ 2010 ਦੌਰਾਨ ਭਾਰਤੀ ਅਰਥਵਿਵਸਥਾ 8 ਫੀਸਦੀ ਦੀ ਔਸਤ ਸਾਲਾਨਾ ਦਰ ਨਾਲ ਵਧ ਰਹੀ ਸੀ।

# ਕੈਨੇਡਾ ਦੇ ਵਿੱਦਿਆਰਥੀਆਂ ਹੁਣ ਸਰਕਾਰੀ ਕਾਲਜਾਂ ਦੀ ਬਜਾਏ ਪ੍ਰਾਈਵੇਟ ਨੂੰ ਦੇ ਰਹੇ ਹਨ ਤਰਜੀਹ

ਓਟਾਵਾ : ਪੰਜਾਬ ਤੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦਾ ਹੁੰਗਾਰਾਂ ਹੁਣ ਸਰਕਾਰੀ ਕਾਲਜਾਂ ਦੀ ਬਜਾਏ ਪ੍ਰਾਈਵੇਟ ਕਾਲਜਾ ਵੱਲ ਵੱਧ ਰਿਹਾ ਹੈ। ਇਸ ਸਬੰਧੀ ਵਿਦਿਆਰਥੀਆਂ ਨਾਲ ਗੱਲ ਕਰਨ ਤੋਂ ਬਾਅਦ ਇਸ ਦੀ ਅਸਲ ਵਜ੍ਹਾ ਪਤਾ ਲੱਗ ਗਈ ਹੈ। ਰਾਜਬੀਰ ਸਿੰਘ ਹਮੇਸ਼ਾ ਤੋਂ ਹੀ ਆਪਣੇ ਪਰਿਵਾਰ ਨੂੰ ਕੈਨੇਡਾ 'ਚ ਇੱਕ ਵਧੀਆ ਭਵਿੱਖ ਦੇਣਾ ਚਾਹੁੰਦਾ ਸੀ। ਇਸ ਲਈ ਉਸ ਨੇ ਸਖ਼ਤ ਮਿਹਨਤ ਵੀ ਕੀਤੀ। ਉਸ ਨੂੰ ਇਸ ਸਾਲ ਜਨਵਰੀ ਮਹੀਨੇ ਟੋਰੰਟੋ ਦੇ ਇੱਕ ਕਾਲਜ 'ਚ ਦਾਖਲਾ ਵੀ ਮਿਲ ਗਿਆ ਸੀ। ਇੱਕ ਹੋਣਹਾਰ ਵਿੱਦਿਆਰਥੀ ਹੋਣ ਦੇ ਕਾਰਨ ਕੈਨੇਡਾ ਜਾ ਕੇ ਪੜ੍ਹਨ ਲਈ ਸਟੱਡੀ ਵੀਜ਼ਾ ਸਭ ਤੋਂ ਵਧੀਆ ਰਸਤਾ ਸੀ। ਇਸ ਦੌਰਾਨ ਉਸ ਨੇ ਵਿੱਦਿਆਰਥੀਆਂ ਵਿੱਚਾਲੇ ਸਰਕਾਰੀ ਕਾਲਜ ਛੱਡ ਕੇ ਪ੍ਰਾਈਵੇਟ ਕਾਲਜਾਂ 'ਚ ਦਾਖਲਾ ਲੈਣ ਦਾ ਟ੍ਰੈਂਡ ਦੇਖਿਆ। ਰਾਜਬੀਰ ਨੇ ਇਸ ਮਾਮਲੇ ਦੀ ਜਾਂਚ ਕਰਨ ਦਾ ਫ਼ੈਸਲਾ ਕੀਤਾ ਕਿ ਵਿੱਦਿਆਰਥੀ ਅਜਿਹਾ ਕਿਉਂ ਕਰ ਰਹੇ ਹਨ। ਉਸ ਦੇ ਨਾਲ ਰਹਿਣ ਵਾਲੇ ਰੋਹਿਤ ਸ਼ਰਮਾ ਵੀ ਸਰਕਾਰੀ ਕਾਲਜ ਛੱਡ ਕੇ ਪ੍ਰਾਈਵੇਟ ਕਾਲਜ 'ਚ ਦਾਖਲ ਹੋਇਆ ਸੀ। ਜਦੋਂ ਉਸ ਨੇ ਰੋਹਿਤ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਸਰਕਾਰੀ ਕਾਲਜਾਂ 'ਚ ਹਾਜ਼ਰੀ ਨੂੰ ਲੈ ਕੇ ਸਖ਼ਤ ਹਦਾਇਤਾਂ ਹਨ ਅਤੇ ਪੜ੍ਹਾਈ ਵੱਲ ਧਿਆਨ ਵੀ ਜ਼ਿਆਦਾ ਦੇਣਾ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਕੰਮ ਕਰਨ ਲਈ ਲੋੜੀਂਦਾ ਸਮਾਂ ਨਹੀਂ ਮਿਲਦਾ। ਜ਼ਿਕਰਯੋਗ ਹੈ ਕਿ ਅੰਤਰਰਾਸ਼ਟਰੀ ਵਿੱਦਿਆਰਥੀਆਂ ਨੂੰ ਕੰਮ ਕਰਨ ਲਈ ਸੀਮਤ ਘੰਟੇ ਹੀ ਮਿਲਦੇ ਹਨ, ਆਮ ਤੌਰ 'ਤੇ ਇੱਕ ਹਫ਼ਤੇ 'ਚ 20 ਘੰਟੇ ਜਾਂ ਪੜ੍ਹਾਈ ਤੋਂ ਛੁੱਟੀਆਂ ਦੌਰਾਨ। ਰਾਜਬੀਰ ਨੇ ਦੱਸਿਆ ਕਿ ਫ਼ੀਸਾਂ ਦੇਣ ਅਤੇ ਆਪਣੇ ਖਰਚੇ ਕੱਢਣ ਲਈ ਉਨ੍ਹਾਂ ਨੂੰ ਉੱਥੇ ਕੰਮ ਕਰਨਾ ਪੈਂਦਾ ਹੈ ਕਿਉਂਕਿ ਹਰ ਵਿੱਦਿਆਰਥੀ ਆਪਣੀ ਫ਼ੀਸ ਘਰ ਤੋਂ ਨਹੀਂ ਮੰਗਵਾ ਸਕਦਾ। ਉੱਥੇ ਰਹਿਣ ਦਾ ਖਰਚਾ, ਖਾਣ-ਪੀਣ, ਫ਼ੀਸਾਂ ਆਦਿ ਸਭ ਉਨ੍ਹਾਂ ਨੂੰ ਖੁਦ ਕੰਮ ਕਰ ਕੇ ਕਮਾਉਣਾ ਪੈਂਦਾ ਹੈ।

ਰਾਜਬੀਰ ਨੇ ਦੇਖਿਆ ਕਿ ਜ਼ਿਆਦਾਤਰ ਪ੍ਰਾਈਵੇਟ ਕਾਲਜ ਵਿੱਦਿਆਰਥੀਆਂ ਪ੍ਰਤੀ ਜ਼ਿਆਦਾ ਸਖ਼ਤ ਨਹੀਂ ਹਨ। ਉਹ ਵਿੱਦਿਆਰਥੀਆਂ ਨੂੰ ਸਖ਼ਤ ਹਾਜ਼ਰੀ ਜਾਂ ਜ਼ਿਆਦਾ ਪੜ੍ਹਾਈ ਦੇ ਬੋਝ ਹੇਠ ਨਹੀਂ ਦਬਾਉਂਦੇ। ਇਸ ਕਾਰਨ ਵਿਦਿਆਰਥੀਆਂ ਨੂੰ ਕੰਮ ਕਰਨ ਅਤੇ ਕਮਾਉਣ ਲਈ ਵਾਧੂ ਸਮਾਂ ਮਿਲ ਜਾਂਦਾ ਹੈ, ਜਿਸ ਨਾਲ ਉਹ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰ ਸਕਦੇ ਹਨ। ਉਸ ਨੇ ਅੱਗੇ ਕਿਹਾ ਕਿ ਹੁਣ ਜ਼ਿਆਦਾਤਰ ਮਾਲਕ ਵਿੱਦਿਆਰਥੀਆਂ ਨੂੰ ਨਿਰਧਾਰਿਤ 16 ਡਾਲਰ ਪ੍ਰਤੀ ਘੰਟੇ ਦੀ ਬਜਾਏ 10 ਡਾਲਰ ਦੇ ਕੇ ਕੰਮ ਕਰਵਾਉਂਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਵਿੱਦਿਆਰਥੀ ਦਿੱਤੀ ਹੋਈ ਸਮਾਂ ਸੀਮਾ ਤੋਂ ਵੱਧ ਕੰਮ ਕਰਦੇ ਹਨ ਅਤੇ ਇਸ ਗੱਲ ਦੀ ਉਹ



ਸ਼ਿਕਾਇਤ ਵੀ ਨਹੀਂ ਕਰ ਸਕਦੇ। ਰਾਜਬੀਰ ਤੇ ਰੋਹਿਤ ਇਕੱਲੇ ਨਹੀਂ ਹਨ, ਜਿਨ੍ਹਾਂ ਨੇ ਇਹ ਫ਼ੈਸਲਾ ਕੀਤਾ ਹੋਵੇ। ਬਹੁਤ ਸਾਰੇ ਵਿੱਦਿਆਰਥੀ ਹਨ, ਜੋ ਸਟੂਡੈਂਟ ਵੀਜ਼ਾ ਨੂੰ ਬਸ ਕੈਨੇਡਾ ਜਾਣ ਦੇ ਰਾਹ ਵਜੋਂ ਦੇਖਦੇ ਹਨ। ਰਾਜਬੀਰ ਨੇ ਕਿਹਾ ਕਿ ਇਨ੍ਹਾਂ ਸਖ਼ਤ ਹਦਾਇਤਾਂ ਕਾਰਨ ਉਸ ਦੇ 5 ਹੋਰ ਦੋਸਤਾਂ ਨੇ ਵੀ ਸਰਕਾਰੀ ਛੱਡ ਕੇ ਪ੍ਰਾਈਵੇਟ ਕਾਲਜਾਂ 'ਚ ਦਾਖਲਾ ਲਿਆ ਹੈ, ਜਿਸ ਕਾਰਨ ਉਸ ਨੂੰ ਵੀ ਇਹ ਫ਼ੈਸਲਾ ਲੈਣਾ ਪਿਆ। ਕੁੱਝ ਇੰਮੀਗ੍ਰੇਸ਼ਨ ਕੰਸਲਟੈਂਟਸ ਨੇ ਇਸ ਮਾਮਲੇ 'ਚ ਬੋਲਦੇ ਹੋਏ ਕਿਹਾ ਕਿ ਕੁੱਝ ਵਿੱਦਿਆਰਥੀ, ਜੋ ਕੈਨੇਡਾ ਸਿਰਫ਼ ਕਮਾਈ ਕਰਨ ਜਾਂਦੇ ਹਨ, ਉਨ੍ਹਾਂ ਲਈ ਇਹ ਮਾਮਲਾ ਗੰਭੀਰ ਹੈ ਕਿਉਂਕਿ ਉਨ੍ਹਾਂ ਨੂੰ ਪੈਸੇ ਕਮਾਉਣ ਲਈ ਲੋੜੀਂਦਾ ਸਮਾਂ ਨਹੀਂ ਮਿਲਦਾ। ਜਦਕਿ ਜੋ ਵਿੱਦਿਆਰਥੀ ਕੈਨੇਡਾ ਸਿਰਫ਼ ਪੜ੍ਹਨ ਲਈ ਗਏ ਹਨ, ਉਨ੍ਹਾਂ ਨੂੰ ਇਸ ਨਾਲ ਜ਼ਿਆਦਾ ਫ਼ਰਕ ਨਹੀਂ ਪਵੇਗਾ, ਕਿਉਂਕਿ ਆਪਣੇ ਕੋਰਸ ਸਬੰਧਤ ਖੇਤਰ 'ਚ ਕੰਮ ਕਰ ਕੇ ਉਹ ਆਪਣਾ ਭਵਿੱਖ ਅੱਗੇ ਜਾ ਕੇ ਬਣਾ ਸਕਦੇ ਹਨ।

# 2020 'ਚ ਭਾਰਤ 'ਚ 30 ਲੱਖ ਤੋਂ ਵਧੇਰੇ ਬੱਚਿਆਂ ਦਾ ਸਮੇਂ ਤੋਂ ਪਹਿਲਾਂ ਜਨਮ, ਪੂਰੀ ਦੁਨੀਆਂ 'ਚ ਸਭ ਤੋਂ ਵੱਧ

ਨਵੀਂ ਦਿੱਲੀ : ਸਮੇਂ ਤੋਂ ਪਹਿਲਾਂ ਜਨਮ ਲੈਣ ਵਾਲੇ ਬੱਚਿਆਂ ਨੂੰ ਜਨਮ ਤੋਂ ਹੀ ਵੱਡੀਆਂ ਬਿਮਾਰੀਆਂ, ਦਿਵਿਆਂਗ ਅਤੇ ਵਿਕਾਸ ਸਬੰਧੀ ਦੇਰੀ ਦੀ ਸਮੱਸਿਆਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਇੱਥੋਂ ਤਕ ਕਿ ਜੇਕਰ ਉਹ ਬਾਲਗ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਸ਼ੂਗਰ ਅਤੇ ਦਿਲ ਵਰਗੀਆਂ ਪੁਰਾਣੀਆਂ ਬਿਮਾਰੀਆਂ ਨਾਲ ਪੀੜਤ ਹੋਣ ਦੀ ਸੰਭਾਵਨਾ ਵੀ ਕਾਫ਼ੀ ਵੱਧ ਜਾਂਦੀ ਹੈ। ਸਾਲ 2020 'ਚ ਭਾਰਤ ਵਿੱਚ 3.02 ਮਿਲੀਅਨ ਬੱਚਿਆਂ ਦਾ ਜਨਮ ਸਮੇਂ ਤੋਂ ਪਹਿਲਾਂ ਹੋ ਗਿਆ। ਇਹ ਪੂਰੀ ਦੁਨੀਆਂ ਵਿੱਚ ਸਭ ਤੋਂ ਵੱਧ ਹੈ। ਇਹ ਗੱਲ 'ਦਿ ਲੈਂਸੇਟ ਜਰਨਲ' 'ਚ ਪ੍ਰਕਾਸ਼ਿਤ ਇੱਕ ਰਿਪੋਰਟ, ਜਿਸ ਨੂੰ ਲੰਡਨ ਸਕੂਲ ਔਫ਼ ਹਾਈਜੀਨ ਐਂਡ ਟ੍ਰੋਪੀਕਲ ਮੈਡੀਸਨ ਨਾਲ ਜੁੜੇ ਖੋਜਕਰਤਾਵਾਂ ਵਲੋਂ ਲਿਖਿਆ ਗਿਆ ਹੈ। ਇਹ ਅਧਿਐਨ ਵਿਸ਼ਵ ਸਿਹਤ ਸੰਗਠਨ ਅਤੇ ਸੰਯੁਕਤ ਰਾਸ਼ਟਰ ਬਾਲ ਫ਼ੰਡ (ਮੂਲ ਰੂਪ ਤੋਂ ਸੰਯੁਕਤ ਰਾਸ਼ਟਰ ਕੌਮਾਂਤਰੀ ਬਾਲ ਐਮਰਜੈਂਸੀ ਫ਼ੰਡ, ਦੇ ਸਹਿਯੋਗ ਨਾਲ ਕੀਤੀ ਗਈ ਸੀ। 7 ਅਕਤੂਬਰ ਨੂੰ ਪ੍ਰਕਾਸ਼ਿਤ ਸਟੱਡੀ ਮੁਤਾਬਕ ਦੇਸ਼ ਵਿੱਚ ਕੁੱਲ 30,16,700 ਬੱਚੇ ਗਰਭ ਅਵਸਥਾ ਦੇ 37 ਹਫ਼ਤੇ ਪੂਰੇ ਹੋਣ ਤੋਂ ਪਹਿਲਾਂ ਹੀ ਪੈਦਾ ਹੋ ਗਏ। ਵਿਸ਼ਵ ਸਿਹਤ ਸੰਗਠਨ ਮੁਤਾਬਕ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਸਮੇਂ ਤੋਂ ਪਹਿਲਾਂ ਜਨਮ ਮੌਤ ਦਾ ਸਭ ਤੋਂ ਮੁੱਖ ਕਾਰਨ ਹੈ। ਇਸ ਲਈ ਬਚਪਨ 'ਚ ਸੁਧਾਰ ਲਈ ਸਮੇਂ ਤੋਂ ਪਹਿਲਾਂ ਜਨਮੇ ਬੱਚਿਆਂ ਦੀ ਦੇਖਭਾਲ ਦੇ ਨਾਲ-ਨਾਲ ਉਸ ਦੀ ਸਿਹਤ ਅਤੇ ਪੋਸ਼ਣ 'ਤੇ ਧਿਆਨ ਦੇਣ ਦੀ ਤੁਰੰਤ ਜ਼ਰੂਰਤ ਹੈ। ਅਧਿਐਨ ਮੁਤਾਬਕ ਗਲੋਬਲ ਪੱਧਰ 'ਤੇ ਅੰਦਾਜ਼ਨ 13.4 ਮਿਲੀਅਨ ਬੱਚੇ ਸਮੇਂ ਤੋਂ ਪਹਿਲਾਂ ਪੈਦਾ ਹੋਏ। ਇਸ ਦਾ ਅਰਥ ਹੈ ਕਿ ਜਨਮ ਲੈਣ ਵਾਲੇ ਜਿਊਂਦੇ ਬੱਚਿਆਂ ਵਿੱਚੋਂ 10 'ਚੋਂ ਲੱਗਭਗ 1 ਸਮੇਂ ਤੋਂ ਪਹਿਲਾਂ ਜਨਮੇ। ਅਧਿਐਨ ਦੇ ਲੇਖਕਾਂ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਭਾਰਤ 'ਚ 2020 'ਚ ਸਮੇਂ ਤੋਂ ਪਹਿਲਾਂ ਜਨਮ ਲੈਣ ਦੀ ਸਭ ਤੋਂ ਵੱਧ ਗਿਣਤੀ (3.02 ਮਿਲੀਅਨ) ਅਤੇ ਦੁਨੀਆ ਭਰ ਵਿੱਚ ਸਮੇਂ ਤੋਂ ਪਹਿਲਾਂ ਜਨਮ ਦਾ 20 ਫ਼ੀਸਦੀ ਤੋਂ ਵੱਧ ਭਾਰਤ ਵਿੱਚ ਸੀ। ਇਸ ਤੋਂ ਬਾਅਦ ਪਾਕਿਸਤਾਨ, ਨਾਈਜੀਰੀਆ, ਚੀਨ, ਇਥੋਪੀਆ, ਬੰਗਲਾਦੇਸ਼, ਕਾਂਗੋ ਲੋਕਤੰਤਰ ਗਣਰਾਜ ਅਤੇ ਸੰਯੁਕਤ ਰਾਜ ਅਮਰੀਕਾ ਦਾ ਨੰਬਰ ਸੀ।



# ਪ੍ਰਵਾਸ ਨੇ ਪੰਜਾਬ ਦੀ ਆਬਾਦੀ ਵਿਕਾਸ ਦਰ ਘਟਾਈ, ਸਿੱਖਾਂ ਲਈ ਚਿੰਤਨ ਦਾ ਸਮਾਂ

ਚੰਡੀਗੜ੍ਹ : ਪੰਜਾਬ ’ਤੇ ਇਸ ਵਕਤ ਇਕ ਵੱਡਾ ਖ਼ਤਰਾ ਮੰਡਰਾਅ ਰਿਹਾ ਹੈ। ਦਰਅਸਲ ਪੰਜਾਬ ਵਿੱਚ ਆਬਾਦੀ ਵਿਕਾਸ ਦਰ ਪਿਛਲੇ ਇਕ ਦਹਾਕੇ ਤੋਂ ਲਗਾਤਾਰ ਘਟ ਰਹੀ ਹੈ ਹਾਲਾਂਕਿ ਸਾਲ 2021 ’ਚ ਹੋਣ ਵਾਲੀ ਜਨਗਣਨਾ ਕੋਵਿਡ ਕਾਰਨ ਨਹੀਂ ਹੋ ਸਕੀ ਹੈ ਪਰ (ਸੀ.ਆਰ.ਐੱਸ.) ਸਿਵਲ ਰਜਿਸਟ੍ਰੇਸ਼ਨ ਸਿਸਟਮ ਮੁਤਾਬਕ ਪੰਜਾਬ ’ਚ ਸਾਲ 2011 ਦੇ ਮੁਕਾਬਲੇ 2021 ਵਿੱਚ ਜਨਸੰਖਿਆ ਵਾਧੇ ’ਚ 50 ਫ਼ੀਸਦੀ ਗਿਰਾਵਟ ਦਰਜ ਕੀਤੀ ਗਈ ਹੈ। ਸਾਲ 2011 ’ਚ ਪੰਜਾਬ ਦੀ ਜਨਸੰਖਿਆ ’ਚ 3 ਲੱਖ ਤੋਂ ਵੀ ਵੱਧ ਦਾ ਵਾਧਾ ਦਰਜ ਕੀਤਾ ਗਿਆ ਸੀ, ਜੋ 2020 ’ਚ ਘਟ ਕੇ 1.5 ਲੱਖ ਤਕ ਰਹਿ ਗਿਆ ਹੈ। ਇਸ ਅੰਕੜੇ ਤੋਂ ਪਤਾ ਲਗਦਾ ਹੈ ਕਿ ਪੰਜਾਬ ਦੀ ਆਬਾਦੀ 1.65 ਫ਼ੀਸਦੀ ਦੀ ਦਰ ਨਾਲ ਵਧੀ ਹੈ, ਜਦ ਕਿ ਦੇਸ਼ ’ਚ ਇਹ ਅੰਕੜਾ 2.98 ਫ਼ੀਸਦੀ ਰਿਹਾ ਹੈ। 2011 ਦੀ ਜਨਗਣਨਾ ਮੁਤਾਬਕ ਪੰਜਾਬ ਦੀ ਆਬਾਦੀ ਦੇਸ਼ ਦੀ ਆਬਾਦੀ ਦਾ 2.37 ਫ਼ੀਸਦੀ ਸੀ, ਜੋ ਹੁਣ 2.29 ਫੀਸਦੀ ਰਹਿ ਗਿਆ ਹੈ। ਸਾਲ 2011 ਦੀ ਜਨਗਣਨਾ ਮੁਤਾਬਕ ਸੂਬੇ ’ਚ 5 ਲੱਖ ਤੋਂ ਵੀ ਵੱਧ ਬੱਚਿਆਂ ਨੇ ਜਨਮ ਲਿਆ ਸੀ, ਇਹ ਅੰਕੜਾ ਵੀ ਘਟ ਕੇ 2020 ’ਚ 4 ਲੱਖ ਤੋਂ ਹੇਠਾਂ ਆ ਗਿਆ। ਜੇਕਰ ਗੱਲ ਮੌਤਾਂ ਦੀ ਗਿਣਤੀ ਦੀ ਕਰੀਏ ਤਾਂ 2011 ’ਚ ਸੂਬੇ ’ਚ 2 ਲੱਖ ਤੋਂ ਘੱਟ ਮੌਤਾਂ ਹੋਈਆਂ, ਜਦਕਿ 2020 ’ਚ ਇਹ ਅੰਕੜਾ 2,30,000 ਤਕ ਪਹੁੰਚ ਗਿਆ। ਇਸ ਦੇ ਉਲਟ ਗੁਆਂਢੀ ਸੂਬਾ ਹਰਿਆਣਾ ’ਚ ਸਾਲ 2020 ’ਚ 6 ਲੱਖ ਦੇ ਕਰੀਬ ਬੱਚੇ ਪੈਦਾ ਹੋਏ, ਜਦਕਿ 2 ਲੱਖ ਤੋਂ ਵੱਧ ਮੌਤਾਂ ਹੋਈਆਂ। ਇਸ ਦੌਰਾਨ ਪੰਜਾਬ ਦੀ ਜਨਸੰਖਿਆ ’ਚ ਆਏ ਇਸ ਵੱਡੇ ਅੰਤਰ ਦੇ ਦੋ ਮੁੱਖ ਕਾਰਨ ਮੰਨੇ ਜਾ ਰਹੇ ਹਨ, ਪਹਿਲਾ ਇਹ ਕਿ ਪੰਜਾਬੀ ਵਿਦੇਸ਼ਾਂ ’ਚ ਜਾ ਕੇ ਉੱਥੇ ਹੀ ਵਿਆਹ ਕਰਵਾ ਕੇ ਉੱਥੇ ਹੀ ਵਸ ਰਹੇ ਹਨ, ਅਤੇ ਦੂਜਾ ਇਹ ਕਿ ਸੂਬੇ ’ਚ ਹੋਰਾਂ ਸੂਬਿਆਂ ਤੋਂ ਵੱਡੀ ਗਿਣਤੀ ’ਚ ਪ੍ਰਵਾਸੀ ਆ ਰਹੇ ਹਨ। ਵਿਦੇਸ਼ਾਂ ’ਚ ਪ੍ਰਵਾਸ ਕਰਨਾ ਪੰਜਾਬ ਦੀ ਆਬਾਦੀ ਵਿਕਾਸ ਦਰ ’ਚ ਕਮੀ ਦਾ ਸਭ ਤੋਂ ਵੱਡਾ ਕਾਰਨ ਹੈ। ਨੌਜਵਾਨ ਪੰਜਾਬੀ ਵਿਦੇਸ਼ ਜਾ ਕੇ ਵਿਆਹ ਕਰਵਾ ਰਹੇ ਹਨ ਤੇ ਉੱਥੇ ਹੀ ਰਹਿ ਜਾਂਦੇ ਹਨ। ਦੂਜਾ ਕਾਰਨ ਇਹ ਹੈ ਕਿ ਸੂਬੇ ’ਚ ਨੌਜਵਾਨ ਪ੍ਰਵਾਸੀ ਭਾਰਤੀ ਵੱਡੀ ਗਿਣਤੀ ’ਚ ਆ ਰਹੇ ਹਨ, ਉਹ ਵੀ ਵਿਆਹ ਕਰਵਾ ਕੇ ਇੱਥੇ ਵਸ ਰਹੇ ਹਨ, ਜਿਸ ਕਾਰਨ ਪੰਜਾਬ ਦੀ ਆਬਾਦੀ ’ਚੋਂ ਵੀ ਵੱਡਾ ਹਿੱਸਾ ਪ੍ਰਵਾਸੀ ਭਾਰਤੀ ਅਤੇ ਉਨ੍ਹਾਂ ਦੇ ਬੱਚਿਆਂ ਦਾ ਹੋ ਸਕਦਾ ਹੈ। ਆਬਾਦੀ ਵਿਕਾਸ ਦਰ ਦੇ ਘਟਣ ਦਾ ਸਭ ਤੋਂ ਵੱਡਾ ਅਸਰ ਸਿੱਖ ਆਬਾਦੀ ’ਤੇ ਦਿਖ ਸਕਦਾ ਹੈ। ਸਿੱਖ ਆਬਾਦੀ ਪਹਿਲਾਂ ਹੀ ਘੱਟ ਹੈ ਤੇ ਹੁਣ ਰਾਸ਼ਟਰੀ ਪੱਧਰ ’ਤੇ ਵੀ ਉਨ੍ਹਾਂ ਦੀ ਗਿਣਤੀ ਘਟ ਰਹੀ ਹੈ। ਸਾਲ 2001 ਦੀ ਜਨਗਣਨਾ ’ਚ ਸਿੱਖਾਂ ਦੀ ਆਬਾਦੀ ਦੇਸ਼ ਦੀ ਕੁੱਲ ਆਬਾਦੀ ਦਾ 1.87 ਫ਼ੀਸਦੀ ਸੀ, ਜੋ 2011 ’ਚ ਘਟ ਕੇ 1.72 ਫ਼ੀਸਦੀ ਰਹਿ ਗਈ ਸੀ, ਜਦਕਿ ਸੂਬੇ ਦੀ ਆਬਾਦੀ ਦੇ ਹਿਸਾਬ ਨਾਲ 2001 ’ਚ ਸਿੱਖ ਆਬਾਦੀ ਸੂਬੇ ਦੀ ਕੁੱਲ ਆਬਾਦੀ ਦਾ ਲਗਭਗ 60 ਫੀਸਦੀ ਸੀ, ਜੋ 2011 ’ਚ ਘਟ ਕੇ 57.7 ਫ਼ੀਸਦੀ ਰਹਿ ਗਈ। ਇਸ ਦੌਰਾਨ ਉੱਤਰ ਪ੍ਰਦੇਸ਼ ਤੋਂ ਜ਼ਿਆਦਾਤਰ ਮੁਸਲਮਾਨ ਪੰਜਾਬ ’ਚ ਆ ਰਹੇ ਹਨ। ਉਨ ਾਂ ਅਨੁਸਾਰ ਪੰਜਾਬ ਮੁਸਲਿਮ ਭਾਈਚਾਰੇ ਲਈ ਇਕ ਸੁਰੱਖਿਅਤ ਸੂਬਾ ਹੈ। ਇਹ ਪ੍ਰਵਾਸੀ ਪੰਜਾਬ ’ਚ ਛੋਟੇ ਅਤੇ ਮੱਧਮ ਦਰਜੇ ਦੇ ਵਪਾਰ ਖੋਲ ਕੇ ਕੰਮ ਕਰ ਰਹੇ ਹਨ।



## ਇਜ਼ਰਾਈਲ-ਹਮਾਸ ਜੰਗ ’ਚ ਹੁਣ ਤੱਕ 4200 ਤੋਂ ਵੱਧ ਲੋਕਾਂ ਦੀ ਮੌਤ

ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਦੇ 10ਵੇਂ ਦਿਨ ਵੀ ਹਵਾਈ ਹਮਲੇ, ਬੰਬਾਰੀ, ਰਾਕੇਟ ਅਤੇ ਸਾਇਰਨ ਦੀਆਂ ਆਵਾਜ਼ਾਂ ਗੂੰਜਦੀਆਂ ਰਹੀਆਂ। ਇਸ ਜੰਗ ਵਿੱਚ ਹੁਣ ਤੱਕ 4,200 ਤੋਂ ਵੱਧ ਲੋਕ ਆਪਣੀ ਜਾਨ ਗੁਆ ? ਚੁੱਕੇ ਹਨ ਅਤੇ ਦੋਵਾਂ ਧਿਰਾਂ ਵੱਲੋਂ ਦਿੱਤੀਆਂ ਜਾ ਰਹੀਆਂ ਧਮਕੀਆਂ ਨਾਲ ਇਹ ਤੈਅ ਹੈ ਕਿ ਹਮਲਿਆਂ ਅਤੇ ਮੌਤਾਂ ਦੀ ਗਿਣਤੀ ਹੋਰ ਵਧੇਗੀ। ਇਸ ਦੌਰਾਨ ਗਾਜ਼ਾ ਦੇ ਲੱਖਾਂ ਲੋਕਾਂ ਨੂੰ ਦਰਪੇਸ਼ ਭੋਜਨ, ਪਾਣੀ, ਦਵਾਈ ਅਤੇ ਬਿਜਲੀ ਵਰਗੀਆਂ ਬੁਨਿਆਦੀ ਲੋੜਾਂ ਦਾ ਸੰਕਟ ਡੂੰਘਾ ਹੋ ਗਿਆ ਹੈ। ਰਿਪੋਰਟ ਮੁਤਾਬਕ ਇਸ ਯੁੱਧ ਦੌਰਾਨ ਇਜ਼ਰਾਈਲ ‘ਚ ਕਰੀਬ 1400 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 3500 ਲੋਕ ਜ਼ਖਮੀ ਹੋਏ ਹਨ। ਇਸ ਦੇ ਨਾਲ ਹੀ ਗਾਜ਼ਾ ‘ਚ 2,800 ਲੋਕਾਂ ਦੀ ਜਾਨ ਜਾ ਚੁੱਕੀ ਹੈ ਅਤੇ ਕਰੀਬ 11 ਹਜ਼ਾਰ ਲੋਕ ਜ਼ਖਮੀ ਹੋਏ ਹਨ। ਫਲਸਤੀਨੀ ਅਧਿਕਾਰੀਆਂ ਨੇ ਦੱਸਿਆ ਕਿ ਇਜ਼ਰਾਇਲੀ ਹਮਲਿਆਂ ਦੇ ਮਲਬੇ ਹੇਠ 1000 ਤੋਂ ਵੱਧ ਲੋਕ ਦੱਬੇ ਗਏ ਹਨ। ਬੀਬੀਸੀ ਦੀ ਰਿਪੋਰਟ ਮੁਤਾਬਕ ਇਜ਼ਰਾਇਲੀ ਹਵਾਈ ਸੈਨਾ ਨੇ ਕਿਹਾ ਹੈ ਕਿ ਹਮਾਸ ਦਾ ਜਨਰਲ ਇੰਟੈਲੀਜੈਂਸ ਚੀਫ਼ ਹਵਾਈ ਹਮਲੇ ਵਿੱਚ ਮਾਰਿਆ ਗਿਆ ਹੈ।



## ਹਰਿਆਣਾ ਗੁਰਦਵਾਰਾ ਕਮੇਟੀ ਦੀਆਂ ਵੋਟਾਂ ਡੇਰਾ ਸਰਸਾ ਦੇ ਚੇਲੇ ਬਣਾ ਰਹੇ ਹਨ : ਗਿਆਨੀ ਹਰਪ੍ਰੀਤ ਸਿੰਘ

ਅੰਮ੍ਰਿਤਸਰ : ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਦਮਦਮਾ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਹਰਿਆਣਾ ਵਿੱਚ ਡੇਰਾ ਸਿਰਸਾ ਪ੍ਰੇਮੀਆਂ ਵੱਲੋਂ ਹੀ ਹਰਿਆਣਾ ਗੁਰਦਵਾਰਾ ਕਮੇਟੀ ਦੀਆ ਵੋਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ ਹਰਿਆਣਾ ਕਮੇਟੀ ਨੂੰ ਸ਼੍ਰੋਮਣੀ ਕਮੇਟੀ ਤੋਂ ਵੱਖਰੇ ਕਰਨ ਲਈ ਹਰ ਇੱਕ ਕੋਸ਼ਿਸ਼ ਕੀਤੀ ਜਾ ਰਹੀ ਹੈ।ਹਰਿਆਣਾ ਗੁਰਦਵਾਰਾ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਦਾਅਵਾ ਕਰਦੇ ਹੋਏ ਕਿਹਾ ਕਿ ਡੇਰਾ ਪ੍ਰੇਮੀਆਂ ਵੱਲੋਂ ਹੁਣ ਵੋਟਾਂ ਬਣਾਉਣ ਦੀ ਸ਼ੁਰੂਆਤ ਕੀਤੀ ਗਈ ਹੈ ਜੋ ਕਿ ਸਰਾਸਰ ਗਲਤ ਹੈ। ਉਹਨਾਂ ਨੇ ਅੱਗੇ ਬੋਲਦੇ ਹੋਏ ਕਿਹਾ ਕਿ ਪੰਜਾਬ ਵਿੱਚ ਨਸ਼ੇ ਦੇ ਮੁੱਦੇ ਦੇ ਉੱਤੇ ਵੀ ਸਰਕਾਰ ਪੂਰੀ ਤਰਹਾਂ ਨਾਲ ਫੇਲ ਹੁੰਦੀ ਹੋਈ ਨਜ਼ਰ ਆ ਰਹੀ ਹੈ। ਜਥੇਦਾਰ ਦਮਦਮਾ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਸਾਰੀ ਸਿਆਸੀ ਪਾਰਟੀਆਂ ਨੂੰ ਇੱਕਜੁੱਟ ਹੋ ਕੇ ਐਸਵਾਈਐਲ ਦੇ ਮੁੱਦੇ ‘ਤੇ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਇਹ ਉਹਨਾਂ ਨੇ ਭਗਵੰਤ ਮਾਨ ਸਰਕਾਰ ਦੇ ਉੱਤੇ ਬੋਲਦੇ ਹੋਏ ਕਿਹਾ ਕਿ ਜੋ ਉਹਨਾਂ ਵੱਲੋਂ ਇੱਕ ਤਰੀਕ ਨੂੰ ਡਿਬੇਟ ਸੱਦੀ ਗਈ ਹੈ ਇਹ ਵਿਰੋਧੀਆਂ ਦਾ ਕੰਮ ਹੁੰਦਾ ਹੈ ਨਾ ਕਿ ਮੌਜੂਦਾ ਸਰਕਾਰਾਂ ਦਾ।



# ਕੁੜੀਆਂ ਦਾ ਸਮਲਿੰਗੀ ਵਿਆਹ ਕਰਵਾਉਣ ਵਾਲੇ ਗ੍ਰੰਥੀ ਸਿੰਘ ਕੀਤੇ ਬਲੈਕਲਿਸਟ

ਅੰਮ੍ਰਿਤਸਰ, : ਅੱਜ ਵੱਖ-ਵੱਖ ਪੰਥਕ ਮੁੱਦਿਆਂ ਨੂੰ ਲੈ ਕੇ 5 ਤਖ਼ਤਾਂ ਦੇ ਜਥੇਦਾਰਾਂ ਦੀ ਮੀਟਿੰਗ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਤੀ ਗਈ। ਇਸ ਮੀਟਿੰਗ ’ਚ ਕਈ ਅਹਿਮ ਫ਼ੈਸਲੇ ਲਏ ਗਏ ਹਨ। ਜਿਸ ’ਚ ਪਹਿਲਾ ਫ਼ੈਸਲਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੋਏ ਆਦੇਸ਼ਾਂ ’ਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਇੰਦੌਰ ਦੀ ਕਰਵਾਈ ਜਾਣ ਵਾਲੀ ਚੋਣ ਪ੍ਰਕਿਰਿਆ ਵਿਚ ਵਿਘਨ ਪਾਉਣ ਦੇ ਦੋਸ਼ ਵਿਚ ਜਗਜੀਤ ਸਿੰਘ (ਸੁਗਾ) ਨਾਮਜ਼ਦ ਮੈਂਬਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਇੰਦੌਰ, ਮੱਧ ਪ੍ਰਦੇਸ਼ ਨੂੰ ਵਾਰ-ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋਣ ਲਈ ਬੁਲਾਇਆ ਗਿਆ ਪਰ ਹਰ ਵਾਰ ਇਹ ਆਨਾਕਾਨੀ ਕਰਕੇ ਹਾਜ਼ਰ ਨਹੀਂ ਹੋਇਆ। ਜਿਸ ’ਤੇ ਪੰਜ ਸਿੰਘ ਸਾਹਿਬਾਨ ਵੱਲੋਂ ਇਸ ਦੀ ਪ੍ਰਬੰਧਕ ਕਮੇਟੀ ਵਿਚੋਂ ਮੈਂਬਰਸ਼ਿਪ ਖਾਰਜ ਕੀਤੀ ਜਾਂਦੀ ਹੈ ਅਤੇ ਸੰਗਤਾਂ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਜਿੰਨੀ ਦੇਰ ਤਕ ਜਗਜੀਤ ਸਿੰਘ ਗੁਰਦੁਆਰਾ ਚੋਣ ਸਬੰਧੀ ਕੀਤੇ ਕੇਸ ਵਾਪਸ ਨਹੀਂ ਲੈਂਦਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣੀ ਭੁੱਲ ਨਹੀਂ ਬਖਸ਼ਾਉਂਦਾ ਉਨੀ ਦੇਰ ਤੱਕ ਸੰਗਤਾਂ ਇਸ ਨੂੰ ਮੂੰਹ ਨਾ ਲਗਾਉਣ। ਗੁਰਦੁਆਰਾ ਕਲਗੀਧਰ ਸਾਹਿਬ, ਕੈਨਾਲ ਕਲੋਨੀ, ਮੁਲਤਾਨੀਆਂ ਰੋਡ, ਬਠਿੰਡਾ ਵਿਖੇ ਦੋ ਲੜਕੀਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲਾਵਾਂ ਕਰਵਾ ਕੇ ਸਮਲਿੰਗੀ ਵਿਆਹ (ਅਨੰਦ ਕਾਰਜ) ਕਰਵਾਉਣ ਸਬੰਧੀ ਕੇਸ ਵਿਚ  ਇਹ ਫ਼ੈਸਲਾਹੋਇਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਦਾ ਲਈ ਪ੍ਰਬੰਧ ਚਲਾਉਣ ਵਿਚ ਅਯੋਗ ਕਰਾਰ ਕੀਤਾ ਜਾਂਦਾ ਹੈ, ਇਹ ਕਿਸੇ ਵੀ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿਚ ਨਹੀਂ ਆਉਣਗੇ। ਸੰਗਤਾਂ ਜਲਦ ਹੀ ਨਵੀਂ ਅੰਮ੍ਰਿਤਧਾਰੀ ਪ੍ਰਬੰਧਕ ਕਮੇਟੀ ਦੀ ਚੋਣ ਕਰਨ ਅਤੇ ਮੁੱਖ ਗ੍ਰੰਥੀ ਹਰਦੇਵ ਸਿੰਘ, ਗ੍ਰੰਥੀ ਅਜੈਬ ਸਿੰਘ, ਰਾਗੀ ਸਿਕੰਦਰ ਸਿੰਘ, ਤਬਲਾ ਵਾਦਕ ਸਤਨਾਮ ਸਿੰਘ ਨੂੰ ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਕਰਨ ਦੇ ਦੋਸ਼ ਵਜੋਂ ਪੰਜ ਸਾਲ ਲਈ ਬਲੈਕ ਲਿਸਟ ਕੀਤਾ ਜਾਂਦਾ ਹੈ। ਇਹ ਕਿਸੇ ਵੀ ਗੁਰਦੁਆਰਾ ਸਾਹਿਬਾਨ ਅਤੇ ਧਾਰਮਿਕ ਸਮਾਗਮਾਂ ’ਚ ਡਿਊਟੀ ਨਹੀਂ ਕਰਨਗੇ। ਗੁਰਦੁਆਰਾ ਸਿੰਘ ਸਭਾ, ਮਿਆਣੀ ਰੋਡ ਦਸੂਹਾ ਜ਼ਿਲ ਾ ਹੁਸ਼ਿਆਰਪੁਰ ਦੇ ਕੇਸ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਾਰ-ਵਾਰ ਬੁਲਾਉਣ ’ਤੇ ਹਾਜ਼ਰ ਨਹੀਂ ਹੋਈ। ਜਿਸ ’ਤੇ ਪੰਜ ਸਿੰਘ ਸਾਹਿਬਾਨ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ, ਮੀਤ ਪ੍ਰਧਾਨ ਜੋਗਿੰਦਰ ਸਿੰਘ ਅਤੇ ਸਕੱਤਰ ਕਮਲਪ੍ਰੀਤ ਸਿੰਘ ਨੂੰ ਪ੍ਰਬੰਧ ਚਲਾਉਣ ਵਿਚ ਅਯੋਗ ਕਰਾਰ ਕੀਤਾ ਹੈ।ਸਮੂਹ ਸੰਗਤਾਂ ਨੂੰ ਆਦੇਸ਼ ਹੈ ਕਿ ਇਨ ਾਂ ਨੂੰ ਕੋਈ ਮੂੰਹ ਨਾ ਲਗਾਵੇ। ਦਰਸ਼ਨ ਸਿੰਘ ਗੁਮਟਾਲੇ ਦੇ ਕੇਸ ਵਿਚ ਪੰਜ ਸਿੰਘ ਸਾਹਿਬਾਨ ਨੇ ਫ਼ੈਸਲਾ ਕੀਤਾ ਕਿ ਇਹ ਵਿਅਕਤੀ ਪੰਜ ਸਿੰਘ ਸਾਹਿਬਾਨ ਦੀ ਹਾਜ਼ਰੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਸੰਗਤ ਵਿਚ ਖਲੋ ਕੇ ਆਪਣੇ ਕੀਤੇ ਬੱਜਰ ਗੁਨਾਹ ਕਬੂਲੇ ਤੇ ਗੁਰੂ ਪੰਥ, ਗੁਰੂ ਗ੍ਰੰਥ ਅਤੇ ਸੰਗਤ ਪਾਸੋਂ ਮੁਆਫ਼ੀ ਮੰਗੇ। ਜਿੰਨਾ ਚਿਰ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਹੋ ਕੇ ਪੰਜ ਸਿੰਘ ਸਾਹਿਬਾਨ ਦੀ ਹਾਜਰੀ ਵਿਚ ਸੰਗਤ ਸਾਹਮਣੇ ਮੁਆਫ਼ੀ ਨਹੀਂ ਮੰਗਦਾ ਉਨ ਾਂ ਚਿਰ ਇਹ ਕਥਾ-ਕੀਰਤਨ ਕਰਨ ਦਾ ਅਧਿਕਾਰੀ ਨਹੀਂ ਅਤੇ ਨਾ ਹੀ ਸੰਗਤ ਇਸ ਨੂੰ ਮੂੰਹ ਲਗਾਵੇ ਅਤੇ ਇਸ ਨਾਲ ਹਰ ਪੱਖ ਤੋਂ ਕੋਈ ਸਾਂਝ ਨਾ ਰੱਖੀ ਜਾਵੇ। ਜੇਕਰ ਇਹ ਕਥਾ-ਕੀਰਤਨ ਕਰਦਾ ਸਾਹਮਣੇ ਆਇਆ ਤਾਂ ਇਸ ਦੇ ਖ਼ਿਲਾਫ਼ ਮਰਯਾਦਾ ਮੁਤਾਬਿਕ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਆਪਣੇ ਸਥਾਨ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਦਾ ਅਧਿਕਾਰੀ ਵੀ ਨਹੀਂ ਹੈ। ਸੰਗਤਾਂ ਵਲੋਂ ਪੁੱਜੀਆਂ ਸ਼ਿਕਾਇਤਾਂ ਅਨੁਸਾਰ ਕੁਝ ਵਿਅਕਤੀ ਮਰਯਾਦਾ ਦੀ ਉਲੰਘਣਾ ਕਰਦਿਆ ਸਮੁੰਦਰਾਂ ਦੇ ਕੰਢੇ ਬੀਚਾਂ/ਰਿਜ਼ੋਰਟਾਂ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਅਨੰਦ ਕਾਰਜ (ਵਿਆਹ) ਕਰਦੇ ਹਨ। ਜਿਸ ’ਤੇ ਪੰਜ ਸਿੰਘ ਸਾਹਿਬਾਨ ਨੇ ਫ਼ੈਸਲਾ ਕਰਕੇ ਸਮੁੰਦਰਾਂ ਦੇ ਕੰਢੇ ਬੀਚਾਂ, ਰਿਜ਼ੋਰਟਾਂ ਆਦਿ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਅਨੰਦ ਕਾਰਜ (ਡੈਸਟੀਨੇਸ਼ਨ ਵੈਡਿੰਗ) ਕਰਨ ’ਤੇ ਰੋਕ ਲਗਾਈ ਹੈ।



# WhatsApp Web ਚਲਾਉਂਦੇ ਹੋ ਤਾਂ ਹੋ ਜਾਓ ਖ਼ੁਸ਼ ! ਕੰਪਨੀ ਲਿਆ ਰਹੀ ਹੈ ਕਮਾਲ ਦਾ ਫੀਚਰ,




ਸੋਸ਼ਲ ਮੀਡੀਆ ਦੀ ਦਿੱਗਜ ਕੰਪਨੀ WhatsApp ਉਪਭੋਗਤਾ ਅਨੁਭਵ ਨੂੰ ਬਿਹਤਰ ਅਤੇ ਵਧੇਰੇ ਪਹੁੰਚਯੋਗ ਬਣਾਉਣ ਲਈ ਸਮੇਂ-ਸਮੇਂ ਤੇ ਨਵੇਂ ਅਪਡੇਟਸ ਤੇ ਕੰਮ ਕਰਦੀ ਰਹਿੰਦੀ ਹੈ। ਇਸ ਦੌਰਾਨ, ਕੰਪਨੀ WhatsApp ਵੈੱਬ ਉਪਭੋਗਤਾਵਾਂ ਨੂੰ ਇੱਕ ਨਵਾਂ ਫੀਚਰ ਪ੍ਰਦਾਨ ਕਰਨ ਜਾ ਰਹੀ ਹੈ। ਵਟਸਐਪ ਦੇ ਡਿਵੈਲਪਮੈਂਟ @ਤੇ ਨਜ਼ਰ ਰੱਖਣ ਵਾਲੀ ਵੈੱਬਸਾਈਟ Wabetainfo ਦੀ ਰਿਪੋਰਟ ਮੁਤਾਬਕ, ਕੰਪਨੀ ਇੱਕ ਕੈਲੰਡਰ ਫੀਚਰ @ਤੇ ਕੰਮ ਕਰ ਰਹੀ ਹੈ ਜੋ ਯੂਜ਼ਰਸ ਨੂੰ ਮੈਸੇਜ ਸਰਚ ਕਰਦੇ ਸਮੇਂ ਡੇਟ ਚੁਣਨ ਦੀ ਇਜਾਜ਼ਤ ਦੇਵੇਗੀ। ਵਰਤਮਾਨ ਵਿੱਚ, ਜਦੋਂ ਤੁਸੀਂ ਕਿਸੇ ਚੈਟ ਵਿੱਚ ਕਿਸੇ ਸੰਦੇਸ਼ ਨੂੰ ਸਰਚ ਕਰਦੇ ਹੋ, ਤਾਂ ਤੁਹਾਨੂੰ ਉਸ ਸੰਦੇਸ਼ ਨਾਲ ਸਬੰਧਤ ਸ਼ਬਦ ਲਿਖਣਾ ਪੈਂਦਾ ਹੈ, ਜਿਸ ਤੋਂ ਬਾਅਦ ਤੁਹਾਨੂੰ ਮੁੱਖ ਸੰਦੇਸ਼ ਤੱਕ ਪਹੁੰਚਣ ਲਈ ਸਾਰੇ ਸੰਦੇਸ਼ਾਂ ਵਿੱਚੋਂ ਲੰਘਣਾ ਪੈਂਦਾ ਹੈ। ਪਰ ਇਸ ਕੰਮ ਨੂੰ ਆਸਾਨ ਬਣਾਉਣ ਲਈ ਹੁਣ ਕੰਪਨੀ ਸਰਚ ਦੇ ਨਾਲ ਕੈਲੰਡਰ ਦੀ ਸਹੂਲਤ ਜੋੜਨ ਜਾ ਰਹੀ ਹੈ।

ਫਿਲਹਾਲ ਇਹ ਫੀਚਰ ਵਟਸਐਪ ਵੈੱਬ ਦੇ ਬੀਟਾ ਟੈਸਟਰਾਂ ਨਾਲ ਉਪਲਬਧ ਹੈ। ਇਸ ਫੀਚਰ ਨੂੰ ਕੁਝ ਸਮਾਂ ਪਹਿਲਾਂ iOS ਦੇ ਬੀਟਾ ਐਪ ਤੇ ਵੀ ਦੇਖਿਆ ਗਿਆ ਸੀ। ਸੰਭਵ ਹੈ ਕਿ ਆਉਣ ਵਾਲੇ ਸਮੇਂ ਚ ਕੰਪਨੀ ਇਸ ਫੀਚਰ ਨੂੰ ਸਾਰਿਆਂ ਲਈ ਉਪਲੱਬਧ ਕਰਵਾਏਗੀ। ਕੈਲੰਡਰ ਖੋਜ ਵਿਸ਼ੇਸ਼ਤਾ ਬਹੁਤ ਲਾਭਦਾਇਕ ਹੋਣ ਜਾ ਰਹੀ ਹੈ ਕਿਉਂਕਿ ਮਿਤੀ ਚੋਣਕਾਰ ਦੀ ਮਦਦ ਨਾਲ, ਤੁਸੀਂ ਆਸਾਨੀ ਨਾਲ ਉਸ ਤਾਰੀਖ ਤੇ ਜਾ ਸਕੋਗੇ ਜਿਸ ਦਿਨ ਤੁਸੀਂ ਉਹ ਸੁਨੇਹਾ ਭੇਜਿਆ ਸੀ। ਇਸ ਦਾ ਫਾਇਦਾ ਇਹ ਹੋਵੇਗਾ ਕਿ ਤੁਸੀਂ ਉਸ ਮੈਸੇਜ ਤੱਕ ਆਸਾਨੀ ਨਾਲ ਪਹੁੰਚ ਸਕੋਗੇ ਜਿਸ ਨੂੰ ਤੁਸੀਂ ਲੱਭ ਰਹੇ ਹੋ। ਜੇਕਰ ਤੁਸੀਂ ਵੀ WhatsApp ਦੀਆਂ ਸਾਰੀਆਂ ਨਵੀਆਂ ਵਿਸ਼ੇਸ਼ਤਾਵਾਂ ਪ੍ਰਾਪਤ ਕਰਨ ਵਾਲੇ ਪਹਿਲੇ ਵਿਅਕਤੀ ਬਣਨਾ ਚਾਹੁੰਦੇ ਹੋ, ਤਾਂ ਤੁਸੀਂ ਕੰਪਨੀ ਦੇ ਬੀਟਾ ਪ੍ਰੋਗਰਾਮ ਲਈ ਨਾਮ ਦਰਜ ਕਰਵਾ ਸਕਦੇ ਹੋ।

**ਬਦਲਣ ਜਾ ਰਿਹਾ ਹੈ ਇੰਟਰਫੇਸ**

ਇਸ ਫੀਚਰ ਤੋਂ ਇਲਾਵਾ ਕੰਪਨੀ ਕਈ ਨਵੇਂ ਫੀਚਰਸ ਤੇ ਵੀ ਕੰਮ ਕਰ ਰਹੀ ਹੈ। ਆਉਣ ਵਾਲੇ ਸਮੇਂ @ਚ ਕੰਪਨੀ ਐਂਡ੍ਰਾਇਡ ਯੂਜ਼ਰਸ ਲਈ WhatsApp ਦੇ ਇੰਟਰਫੇਸ ਚ ਬਦਲਾਅ ਕਰਨ ਜਾ ਰਹੀ ਹੈ। ਵਰਤਮਾਨ ਵਿੱਚ, ਜਦੋਂ ਤੁਸੀਂ ਐਪ ਖੋਲ੍ਹਦੇ ਹੋ, ਤਾਂ ਤੁਸੀਂ ਸਿਖਰ ਬਾਰ ਵਿੱਚ ਚੈਟ, ਅਪਡੇਟਸ ਅਤੇ ਕਾਲਾਂ ਦੇ ਵਿਕਲਪ ਦੇਖਦੇ ਹੋ। ਆਉਣ ਵਾਲੇ ਸਮੇਂ ਵਿੱਚ, ਤੁਹਾਨੂੰ ਇਹ ਸਾਰੇ ਵਿਕਲਪ ਹੇਠਾਂ ਦਿੱਤੇ ਜਾਣਗੇ ਜਿਵੇਂ ਕਿ ਇਹ iOS ਤੇ ਹੁੰਦਾ ਰਿਹਾ ਹੈ। ਪਾਰਟਨਰ ਕੰਪਨੀ ਚੈਟ, ਅਪਡੇਟਸ, ਕਮਿਊਨਿਟੀ ਅਤੇ ਕਾਲ ਦੇ ਵਿਕਲਪਾਂ ਨੂੰ ਆਖਰੀ ਸਮੇਂ ਤੱਕ ਰੱਖਣ ਜਾ ਰਹੀ ਹੈ।

# ਟਾਟਾ ਮੋਟਰਜ਼ ਨੇ ਸਫਾਰੀ ਅਤੇ ਹੈਰੀਅਰ ਨੂੰ ਨਵੇਂ ਅਵਤਾਰ 'ਚ ਕੀਤਾ ਲਾਂਚ





ਭਾਰਤ ਦੀ ਪ੍ਰਮੁੱਖ ਆਟੋਮੋਟਿਵ ਨਿਰਮਾਤਾ ਟਾਟਾ ਮੋਟਰਜ਼ ਨੇ ਅੱਜ ਆਪਣੀ ਆਈਕਾਨਿਕ ਪ੍ਰਮੁੱਖ ਐੱਸ.ਯੂ.ਵੀ. ਸਫਾਰੀ ਅਤੇ ਟ੍ਰੈਂਡ ਸਥਾਪਿਤ ਕਰਨ ਵਾਲੀ ਪ੍ਰੀਮੀਅਮ ਐੱਸ.ਯੂ.ਵੀ. ਹੈਰੀਅਰ ਨੂੰ ਨਵੇਂ ਅਵਤਾਰ 'ਚ ਲਾਂਚ ਕਰਨ ਦਾ ਐਲਾਨ ਕੀਤਾ ਹੈ। ਡਿਜ਼ਾਈਨ ਵਿਚ ਅਹਿਮ ਬਦਲਾਅ ਅਤੇ ਕਈ ਦੂਰਦਰਸ਼ੀ ਤਕਨਾਲੋਜੀ ਨਾਲ ਨਵੀਂ ਸਫਾਰੀ ਅਤੇ ਹੈਰੀਅਰ ਉਦਯੋਗ ਵਿਚ ਨਵੇਂ ਮਿਆਰ ਸਥਾਪਿਤ ਕਰਨ ਲਈ ਸੰਪੂਰਣ ਤਜ਼ਰਬੇ ਨੂੰ ਬਿਹਤਰ ਬਣਾਏਗੀ।

ਮਸ਼ਹੂਰ ਗਲੋਬਲ ਐੱਨ.ਸੀ.ਏ.ਪੀ. 5 ਸਟਾਰ ਰੇਟਿੰਗ ਨਾਲ ਪ੍ਰਮਾਣਿਤ ਨਵੀਂ ਸਫਾਰੀ ਅਤੇ ਹੈਰੀਅਰ ਨੇ ਬਾਲਗ ਸਵਾਰ ਸੁਰੱਖਿਆ (33.05/34) ਅਤੇ ਬਾਲ ਸਵਾਰ ਸੁਰੱਖਿਆ (45.00/49) ਲਈ ਕਿਸੇ ਵੀ ਭਾਰਤੀ ਕਾਰ ਵਲੋਂ ਸਭ ਤੋਂ ਵੱਧ ਅੰਕ ਹਾਸਲ ਕਰਨ ਦੀ ਪ੍ਰਾਪਤੀ ਹਾਸਲ ਕੀਤੀ ਹੈ ਜੋ ਇਨ੍ਹਾਂ ਨੂੰ ਭਾਰਤੀ ਸੜਕਾਂ 'ਤੇ ਦੌੜਨ ਵਾਲੇ ਸਭ ਤੋਂ ਸੁਰੱਖਿਅਤ ਵਾਹਨ ਬਣਾਉਂਦੀ ਹੈ।

ਲੈਂਡ ਰੋਵਰ ਦੇ ਮਸ਼ਹੂਰ ਡੀ8 ਪਲੇਟਫਾਰਮ ਤੋਂ ਲਏ ਗਏ ਓਮੇਗਾਆਰਕ ਆਰਕੀਟੈਕਚਰ 'ਤੇ ਨਿਰਮਿਤ ਇਹ ਸ਼ਕਤੀਸ਼ਾਲੀ ਅਤੇ ਸਟਾਈਲਿਸ਼ ਐੱਸ.ਯੂ.ਵੀ. 16,19,000 ਰੁਪਏ (ਨਵੀਂ ਸਫਾਰੀ ਲਈ) ਅਤੇ 15,49,000 ਰੁਪਏ (ਨਵੀਂ ਹੈਰੀਅਰ ਲਈ) ਦੀ ਸ਼ੁਰੂਆਤੀ ਕੀਮਤ 'ਤੇ ਮੁਹੱਈਆ ਹੈ। ਇਨ੍ਹਾਂ ਨੂੰ ਚਾਰ ਵੱਖ-ਵੱਖ ਵੇਰੀਐਂਟ 'ਚ ਪੇਸ਼ ਕੀਤਾ ਜਾ ਰਿਹਾ ਹੈ ਜੋ ਅੱਜ ਦੇ ਐੱਸ.ਯੂ.ਵੀ. ਗਾਹਕਾਂ ਦੀਆਂ ਤਰਜੀਹਾਂ ਅਤੇ ਬਹੁਪੱਖੀ ਜੀਵਨ ਸ਼ੈਲੀ ਨੂੰ ਦਰਸਾਉਂਦੀਆਂ ਹਨ। ਨਵੀਂ ਸਫਾਰੀ ਅਤੇ ਨਵੀਂ ਹੈਰੀਅਰ ਨੂੰ ਲਾਂਚ ਕਰਦੇ ਹੋਏ ਸੈਲੇਸ਼ ਚੰਦਰਾ, ਮੈਨੇਜਿੰਗ ਡਾਇਰੈਕਟਰ, ਟਾਟਾ ਮੋਟਰਜ਼ ਯਾਤਰੀ ਵ੍ਹੀਕਲਸ ਐਂਡ ਟਾਟਾ ਯਾਤਰੀ ਇਲੈਕਟ੍ਰਿਕ ਮੋਬਿਲਿਟੀ ਨੇ ਕਿਹਾ ਕਿ ਸੁਰੱਖਿਆ, ਉੱਤਮਤਾ ਅਤੇ ਤਜ਼ਰਬੇ ਦੇ ਮਾਮਲਿਆਂ ਵਿਚ ਨਵੀਂ ਸਫਾਰੀ ਅਤੇ ਨਵੀਂ ਹੈਰੀਅਰ ਇਕ ਨਵੇਂ ਦੌਰ ਦੀ ਸ਼ੁਰੂਆਤ ਕਰਦੀ ਹੈ।

# ਹੈਕਰਾਂ ਨੇ ਹੈਕ ਕੀਤੇ ਰੈੱਡ ਅਲਰਟ ਐਪ, ਇਜ਼ਰਾਈਲੀਆਂ ਨੂੰ ਭੇਜੇ ਫਰਜ਼ੀ ਰਾਕੇਟ ਅਲਰਟ

.ਇਜ਼ਰਾਈਲ ਅਤੇ ਹਮਾਸ ਦੀ ਜੰਗ ਚ ਹੈਕਰ ਵੀ ਕੁੱਦ ਪਏ ਹਨ। ਚਾਰੇ ਪਾਸੇ ਤਬਾਹੀ ਵਿਚਕਾਰ ਇਹ ਹੈਕਰ ਲੋਕਾਂ ਨੂੰ ਫਰਜ਼ੀ ਅਲਰਟ ਭੇਜ ਰਹੇ ਹਨ। ਜਿਸ ਐਪ ਨੂੰ ਲੋਕਾਂ ਨੂੰ ਅਲਰਟ ਕਨਰ ਲਈ ਡਿਜ਼ਾਈਨ ਕੀਤਾ ਗਿਆ ਸੀ ਅੱਜ ਓਹੀ ਐਪ ਖੁਦ ਅਲਰਟ ਮੋਡ ਤੇ ਹਨ। ਇਸ ਐਪ ਦਾ ਨਾਂ ਰੈੱਡ ਅਲਰਟ ਹੈ ਜਿਸਨੂੰ ਐਮਰਜੈਂਸੀ ਚ ਲੋਕਾਂ ਨੂੰ ਅਲਰਟ ਕਰਨ ਲਈ ਤਿਆਰ ਕੀਤਾ ਗਿਆ ਸੀ। ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਚ ਹੈਕਰਾਂ ਨੇ ਰੈੱਡ ਅਲਰਟ ਨੂੰ ਹੈਕ ਕਰ ਲਿਆ ਹੈ ਅਤੇ ਇਜ਼ਰਾਈਲ ਦੇ ਲੋਕਾਂ ਨੂੰ ਰਾਕੇਟ ਜਾਂ ਮਿਜ਼ਾਈਲ ਨੂੰ ਲੈ ਕੇ ਫਰਜ਼ੀ ਅਲਰਟ ਭੇਜ ਰਹੇ ਹਨ ਜਿਸ ਨਾਲ ਲੋਕ ਪਰੇਸ਼ਾਨ ਹੋ ਰਹੇ ਹਨ। ਰੈੱਡ ਅਲਰਟ ਤੇ ਹੈਕਰਾਂ ਨੇ ਨਿਊਕਲੀਅਰ ਅਟੈਕ ਦਾ ਵੀ ਅਲਰਟ ਭੇਜਿਆ ਹੈ ਜੋ ਕਿ ਫਰਜ਼ੀ ਹੈ। AnonGhost ਹੈਕਟੀਵਿਸਟ ਗਰੁੱਪ ਨੇ ਆਪਣੇ ਟੈਲੀਗ੍ਰਾਮ ਚੈਨਲ ਤੇ ਕਿਹਾ ਹੈ ਕਿ ਉਨ੍ਹਾਂ ਨੇ ਰੈੱਡ ਅਲਰਟ ਐਪ ਦੀ ਸਕਿਓਰਿਟੀ ਚ ਸੰਨ੍ਹ ਲਗਾ ਦਿੱਤੀ ਹੈ ਅਤੇ ਇਜ਼ਰਾਈਲ ਦੇ ਲੋਕਾਂ ਨੂੰ ਪਰਮਾਣੂ ਬੰਬ ਦੇ ਹਮਲੇ ਨੂੰ ਲੈ ਕੇ ਅਲਰਟ ਭੇਜਣ ਚ ਕਾਮਯਾਬ ਰਹੇ ਹਨ। ਕੁਝ ਫਰਜ਼ੀ ਅਲਰਟ ਤੇ ਸਵਾਸਤਿਕ ਦਾ ਵੀ ਇਸਤੇਮਾਲ ਕੀਤਾ ਗਿਆ ਹੈ। ਸਕਿਓਰਿਟੀ ਮਾਹਿਰਾਂ ਮੁਤਾਬਕ, ਹੈਕਰਾਂ ਨੂੰ ਐਪ ਦੀ ਕਿਸੇ ਖਾਮੀ ਦਾ ਫਾਇਦਾ ਹੋਇਆ ਹੈ। ਹੈਕਰਾਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੁਆਰਾ ਰੈੱਡ ਅਲਰਟ ਐਪ ਤੇ ਅਲਰਟ ਭੇਜਣ ਤੋਂ ਬਾਅਦ ਲੋਕਾਂ ਦੇ ਫੋਨ ਇੰਟਰਨੈੱਟ ਤੋਂ ਡਿਸਕੁਨੈਕਟ ਹੋ ਗਏ ਅਤੇ ਕਈਆਂ ਦੇ ਫੋਨ ਵੀ ਟੁੱਟ ਗਏ ਅਤੇ ਹੁਣ ਉਨ੍ਹਾਂ ਨੂੰ ਇਕ ਨਵਾਂ ਫੋਨ ਲੈਣਾ ਹੋਵੇਗਾ, ਹਾਲਾਂਕਿ ਇਸਦੇ ਸਹੀ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ।




SPACE AVAILABLE
FOR ADVERTISEMENT
CALL NOW
+1 (408) 917-0060

ਇੱਕ ਨਵੰਬਰ ਨੂੰ ਹੋਣ ਵਾਲੀ ਖੁੱਲ੍ਹੀ ਬਹਿਸ ਦਾ ਮਾਮਲਾ

# ਵਿਰੋਧੀ ਡਿਬੇਟ 'ਚ ਨਾ ਆਉਣ ਲਈ ਬਹਾਨੇ ਲਗਾ ਰਹੇ ਨੇ: ਮਾਨ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਕ ਨਵੰਬਰ ਨੂੰ ਹੋਣ ਵਾਲੀ ਬਹਿਸ ਵਿੱਚ ਵਿਰੋਧੀ ਨੇਤਾਵਾਂ ਵੱਲੋਂ ਭੱਜ ਜਾਣ ਦੀਆਂ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਅਸਲ ਵਿੱਚ ਇਨ੍ਹਾਂ ਲੀਡਰਾਂ ਨੂੰ ਆਪਣੇ ਗੁਨਾਹਾਂ ਤੋਂ ਪਰਦਾ ਚੁੱਕੇ ਜਾਣ ਦਾ ਡਰ ਸਤਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਲੀਡਰਾਂ ਦੀ ਸੂਬੇ ਨੂੰ ਬਰਬਾਦ ਕਰਨ ਵਾਲੇ ਲੋਕਾਂ ਨਾਲ ਗੰਢਤੁੱਪ ਸੀ, ਜਿਸ ਕਰਕੇ ਉਹ ਇਕ ਨਵੰਬਰ ਦੀ ਬਹਿਸ ਵਿੱਚ ਆਉਣ ਤੋਂ ਪਾਸਾ ਵੱਟ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇਤਾਵਾਂ ਦੇ ਹੱਥ ਅਤੇ ਰੂਹਾਂ ਸੂਬੇ ਦੇ ਲਹੂ ਨਾਲ ਭਿੱਜੇ ਹੋਏ ਹਨ ਕਿਉਂਕਿ ਇਨ੍ਹਾਂ ਲੀਡਰਾਂ ਨੇ ਪੰਜਾਬ ਤੇ ਪੰਜਾਬੀਆਂ ਨਾਲ ਹਮੇਸ਼ਾ ਗੱਦਾਰੀ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਨੇਤਾਵਾਂ ਵੱਲੋਂ ਸੂਬੇ ਨਾਲ ਕਮਾਏ ਧ੍ਰੋਹ ਲਈ ਕਦੇ ਵੀ ਮੁਆਫ਼ ਨਹੀਂ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹਿਸ ਪੰਜਾਬ ਨੂੰ ਕੀਹਨੇ ਅਤੇ ਕਿਵੇਂ ਲੁੱਟਣ ਉਤੇ ਕੇਂਦਰਿਤ ਹੋਵੇਗੀ ਜਿਸ ਵਿੱਚ ਕੁਨਬਾਪ੍ਰਸਤੀ (ਭਾਈ-ਭਤੀਜਾ, ਜੀਜਾ-ਸਾਲਾ), ਪੱਖਪਾਤ, ਟੋਲ ਪਲਾਜ਼ੇ, ਨੌਜਵਾਨਾਂ, ਖੇਤੀਬਾੜੀ, ਵਪਾਰ-



ਦੁਕਾਨਦਾਰ, ਗੁਰਬਾਣੀ ਅਤੇ ਦਰਿਆਈ ਪਾਣੀਆਂ ਉਤੇ ਡਾਕਾ ਮਾਰਨ ਸਣੇ ਸੂਬੇ ਨਾਲ ਸਬੰਧਤ ਮਸਲਿਆਂ ਉਤੇ ਚਰਚਾ ਹੋਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇਤਾਵਾਂ ਨੇ ਸਾਰੇ ਮਸਲਿਆਂ ਉਤੇ ਪੰਜਾਬ ਨਾਲ ਧੋਖਾ ਕੀਤਾ ਹੈ, ਜਿਸ ਲਈ ਉਨ੍ਹਾਂ ਨੂੰ ਲੋਕਾਂ ਅੱਗੇ ਜੁਆਬਦੇਹ ਬਣਾਇਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲੀਡਰ ਆਉਣ ਜਾਂ ਨਾ ਆਉਣ ਪਰ ਉਹ ਬਹਿਸ ਲਈ ਇਨ੍ਹਾਂ ਨੇਤਾਵਾਂ ਦੀਆਂ ਕੁਰਸੀਆਂ ਡਾਹ ਕੇ ਰੱਖਣਗੇ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਲੋਕ ਕਾਮਯਾਬ ਹੋਣ ਤੋਂ ਵੀ ਭੈਭੀਤ ਹੋ ਜਾਂਦੇ ਸਨ ਕਿਉਂਕਿ ਇਹ ਲੀਡਰ ਲੋਕਾਂ ਦੇ ਕਾਰੋਬਾਰ ਵਿੱਚ ਜਬਰੀ ਹਿੱਸਾ-ਪੱਤੀ ਪਾ ਲੈਂਦੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇਤਾਵਾਂ ਨੇ ਲੋਕਾਂ ਦੀ ਅੰਨ੍ਹੀ ਲੁੱਟ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਏਸੇ ਕਰਕੇ ਇਹ ਲੀਡਰ ਸੱਚ ਦਾ ਸਾਹਮਣਾ ਕਰਨ ਤੋਂ ਡਰਦੇ ਹਨ ਅਤੇ ਬਹਿਸ ਵਿੱਚ ਨਾ ਆਉਣ ਲਈ ਇਕ ਤੋਂ ਬਾਅਦ ਇਕ ਬਹਾਨੇਬਾਜ਼ੀ ਘੜ ਰਹੇ ਹਨ।

# ਪੰਜਾਬ ਵਿਚ ਚ ਵੱਡੀਆਂ ਸ਼ਖਸੀਅਤਾਂ ਦੇ ਕਤਲ ਦੀ ਸਾਜ਼ਿਸ਼ ਨਾਕਾਮ, ਹਥਿਆਰਾਂ ਸਣੇ ਚਾਰ ਅੱਤਵਾਦੀ ਗ੍ਰਿਫ਼ਤਾਰ

ਚੰਡੀਗੜ੍ਹ : ਪੰਜਾਬ ਪੁਲਿਸ ਨੇ ਇੱਕ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ ਜੋ ਟਾਰਗੇਟ ਕਿਲਿੰਗ ਕਰਕੇ ਸੂਬੇ ਦਾ ਮਾਹੌਲ ਖਰਾਬ ਕਰਨ ਦੀ ਸਾਜਿਸ਼ ਰਚ ਰਿਹਾ ਸੀ ਅਤੇ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇਐੱਲਐੱਫ) ਦੇ ਚਾਰ ਅੱਤਵਾਦੀਆਂ ਨੂੰ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਹੈ। ਇਹ ਚਾਰੋਂ ਪਾਕਿਸਤਾਨ ਵਿੱਚ ਲੁਕੇ ਕੇਐਲਐਫ ਦੇ ਅੱਤਵਾਦੀ ਹਰਵਿੰਦਰ ਸਿੰਘ ਰਿੰਦਾ ਦੇ ਕਰੀਬੀ ਹਨ। ਇਨ੍ਹਾਂ ਨੂੰ ਅਮਰੀਕਾ ਸਥਿਤ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (9♥♠6) ਦੇ ਅੱਤਵਾਦੀ ਅਤੇ ©91 ਨੂੰ ਹਰਪ੍ਰੀਤ ਸਿੰਘ ਉਰਫ ਹੈਪੀ ਵੱਲੋਂ ਸੰਚਾਲਿਤ ਕੀਤਾ ਜਾ ਰਿਹਾ ਸੀ। ਉਨ੍ਹਾਂ ਦੇ ਨਿਸ਼ਾਨੇ @ਤੇ ਸੂਬੇ ਦੀਆਂ ਮਸ਼ਹੂਰ ਹਸਤੀਆਂ ਸਨ। ਕਤਲ ਲਈ ਉਨ੍ਹਾਂ ਨਾਲ 15 ਲੱਖ ਰੁਪਏ ਵਿੱਚ ਸੌਦਾ ਹੋਇਆ ਸੀ।ਮੁਲਜ਼ਮਾਂ ਦੀ ਪਛਾਣ ਵਿਕਰਮਜੀਤ ਸਿੰਘ ਉਰਫ਼ ਰਾਜਾ ਬੈਂਸ ਵਾਸੀ ਬਟਾਲਾ, ਬਾਵਾ ਸਿੰਘ ਵਾਸੀ ਪਿੰਡ ਲੁੱਧਰ (ਅੰਮ੍ਰਿਤਸਰ), ਗੁਰਕ੍ਰਿਪਾਲ ਸਿੰਘ ਉਰਫ਼ ਗਗਨ ਰੰਧਾਵਾ ਅਤੇ ਅਮਾਨਤ ਗਿੱਲ ਦੋਵੇਂ ਵਾਸੀ ਅੰਮ੍ਰਿਤਸਰ ਵਜੋਂ ਹੋਈ ਹੈ। ਪੁਲਿਸ ਨੇ ਮੁਲਜ਼ਮਾਂ ਕੋਲੋਂ ਇੱਕ 32 ਬੋਰ ਦਾ ਪਿਸਤੌਲ ਅਤੇ 10 ਕਾਰਤੂਸ ਵੀ ਬਰਾਮਦ ਕੀਤੇ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਯੂਏਪੀਏ ਅਤੇ ਆਰਮਜ਼ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ।

**ਪ੍ਰਮੁੱਖ ਸ਼ਖਸੀਅਤਾਂ ਦੇ ਕਤਲ ਦੀ ਬਣਾਈ ਸੀ ਯੋਜਨਾ**

ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਰਿੰਦਾ ਅਤੇ ਹੈਪੀ ਨੇ ਸੂਬੇ ਦੀਆਂ ਕੁਝ ਪ੍ਰਮੁੱਖ ਸ਼ਖਸੀਅਤਾਂ ਦੇ ਯੋਜਨਾਬੱਧ ਤਰੀਕੇ ਨਾਲ ਕਤਲ ਦੀ ਯੋਜਨਾ ਬਣਾਈ ਸੀ। ਇਸ ਤੋਂ ਬਾਅਦ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਮੋਹਾਲੀ ਦੀ ਟੀਮ ਨੇ ਸਪੈਸ਼ਲ ਆਪ੍ਰੇਸ਼ਨ ਕੀਤਾ। ਇਸ ਤੋਂ ਬਾਅਦ ਵਿਕਰਮਜੀਤ ਉਰਫ਼ ਰਾਜਾ ਬੈਂਸ ਅਤੇ ਬਾਵਾ ਸਿੰਘ ਨੂੰ ਕਾਬੂ ਕਰ ਲਿਆ ਗਿਆ।

## ਪੰਜਾਬ ਪੁਲਿਸ ਨੂੰ ਮਿਲੀ ਵੱਡੀ ਕਾਮਯਾਬੀ, ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਦਾ ਗੈਂਗਸਟਰ ਸਚਿਨ ਬਚੀ ਗ੍ਰਿਫ਼ਤਾਰ

ਚੰਡੀਗੜ੍ਹ : ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (17"6) ਨੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਐਂਟੀ ਗੈਂਗਸਟਰ ਟਾਸਕ ਫੋਰਸ ਨੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗੈਂਗ ਦੇ ਗੈਂਗਸਟਰ ਸਚਿਨ ਬਚੀ ਨੂੰ ਗ੍ਰਿਫਤਾਰ ਕੀਤਾ ਹੈ। 17"6 ਦੇ ਅਨੁਸਾਰ, ਸਚਿਨ ਬਚੀ ਗੈਂਗ ਦੇ ਮੈਂਬਰਾਂ ਨੂੰ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਦਾ ਹੈ। ਪੁਲਿਸ ਅਨੁਸਾਰ ਇਹ ਗਰੋਹ ਵਿਦੇਸ਼ੀ ਹੈਂਡਲਰਾਂ ਵੱਲੋਂ ਦਿੱਤੇ ਗਏ ਟੀਚਿਆਂ ਨੂੰ ਨਿਸ਼ਾਨਾ ਬਣਾਉਣ ਦੀ ਤਿਆਰੀ ਕਰ ਰਿਹਾ ਸੀ। ਫੜੇ ਗਏ ਗੈਂਗਸਟਰ ਕੋਲੋਂ 4 ਪਿਸਤੌਲ ਅਤੇ 12 ਜਿੰਦਾ ਕਾਰਤੂਸ ਬਰਾਮਦ ਹੋਏ ਹਨ। ਦੂਜੇ ਪਾਸੇ, ਪੰਜਾਬ ਪੁਲਿਸ ਨੇ ਪਾਕਿਸਤਾਨੀ ਅੱਤਵਾਦੀ ਹਰਵਿੰਦਰ ਸਿੰਘ ਰਿੰਦਾ ਦੇ ਸਮਰਥਨ ਵਾਲੇ ਅਤੇ ਅਮਰੀਕਾ ਸਥਿਤ ਗੈਂਗਸਟਰ ਹਰਪ੍ਰੀਤ ਸਿੰਘ ਉਰਫ ਹੈਪੀ ਪਾਸੀਆ ਦੁਆਰਾ ਚਲਾਏ ਗਏ ਇੱਕ ਅੱਤਵਾਦੀ ਮਾਡਿਊਲ ਦੇ ਚਾਰ ਸੰਚਾਲਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਫੜੇ ਗਏ ਵਿਅਕਤੀਆਂ ਦੀ ਪਛਾਣ ਵਿਕਰਮਜੀਤ ਸਿੰਘ, ਬਾਵਾ ਸਿੰਘ, ਗੁਰਕ੍ਰਿਪਾਲ ਸਿੰਘ ਅਤੇ ਅਮਾਨਤ ਗਿੱਲ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਦੇ ਕਬਜ਼ੇ 'ਚੋਂ ਇਕ ਪਿਸਤੌਲ ਸਮੇਤ 10 ਕਾਰਤੂਸ ਬਰਾਮਦ ਕੀਤੇ ਹਨ। ਗੌਰਵ ਯਾਦਵ ਨੇ ਦੱਸਿਆ ਕਿ ਰਿੰਦਾ ਅਤੇ ਹੈਪੀ ਪਾਸੀਆ ਵੱਲੋਂ ਸੂਬੇ ਦੇ ਕੁਝ ਪ੍ਰਮੁੱਖ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਾਰੇ ਖੁਫੀਆ ਜਾਣਕਾਰੀ ਮਿਲੀ ਸੀ। ਇਸ ਤੋਂ ਬਾਅਦ ਐਸ.ਏ.ਐਸ.ਨਗਰ ਪੁਲਿਸ ਦੀਆਂ ਟੀਮਾਂ ਨੇ ਸਪੈਸ਼ਲ ਆਪ੍ਰੇਸ਼ਨ ਕਰਕੇ ਦੋ ਦੋਸ਼ੀਆਂ ਵਿਕਰਮਜੀਤ ਅਤੇ ਬਾਵਾ ਸਿੰਘ ਨੂੰ ਕਾਬੂ ਕੀਤਾ ਹੈ।



# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਚ ਪਰਫਿਊਮ ਵਰਤਣ 'ਤੇ ਲੱਗੀ ਪਾਬੰਦੀ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਲਈ ਅਹਿਮ ਖਬਰ ਹੈ। ਅਸਲ ਵਿੱਚ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਚ ਪਰਫਿਊਮ ਵਰਤਣ ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਫੈਸਲਾ ਸੰਗਤ ਦੀਆਂ ਭਾਵਨਾਵਾਂ ਦਾ ਸਨਮਾਨ ਕਰਦੇ ਹੋਏ ਲਿਆ ਗਿਆ ਹੈ। ਜਾਰੀ ਹੁਕਮਾਂ ਮੁਤਾਬਕ ਹੁਣ ਸ਼ਰਧਾਲੂ ਸ੍ਰੀ ਅਕਾਲ ਤਖਤ ਸਾਹਿਬ ਸਥਿਤ ਸੁਖ ਆਸਨ 'ਤੇ ਅੰਮ੍ਰਿਤ ਵੇਲੇ ਪਾਲਕੀ ਸਾਹਿਬ ਦੇ ਸ੍ਰੀ ਹਰਿਮੰਦਰ ਸਾਹਿਬ ਦੇ ਆਉਣ ਸਮੇਂ, ਰਾਤ ਨੂੰ ਸੁਖ ਆਸਨ ਤੱਕ ਲਿਜਾਣ ਸਮੇਂ ਇਸ ਦਾ ਇਸਤੇਮਾਲ ਨਹੀਂ ਕਰ ਸਕਣਗੇ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿੱਚ ਪਾਲਕੀ ਸਾਹਿਬ ਦੇ ਆਗਮਨ 'ਚ



ਸ਼ਰਧਾਲੂਆਂ ਦੀ ਮੌਜੂਦਗੀ ਵਿੱਚ ਪਰਫਿਊਮ ਛਿੜਕਿਆ ਜਾਂਦਾ ਸੀ। ਇਹ ਪਾਬੰਦੀ ਇਸ ਲਈ ਲਗਾਈ ਗਈ ਹੈ ਕਿਉਂਕਿ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਤਾਬਿਕ ਪਰਫਿਊਮ ਵਿਚ ਹਾਨੀਕਾਰਕ ਕੈਮੀਕਲ ਤੇ ਅਲਕੋਹਲ ਦਾ ਮਿਸ਼ਰਨ ਹੁੰਦਾ ਹੈ ਅਤੇ ਅਲਕੋਹਲ ਦਾ ਇਸਤੇਮਾਲ ਸਿੱਖ ਮਰਿਯਾਦਾ ਦੀ ਉਲੰਘਣਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਇਸ ਸਬੰਧੀ ਸਾਰੇ ਗੁਰਦੁਆਰਿਆਂ ਦੇ ਮੈਨੇਜ਼ਰਾਂ ਨੂੰ ਸਰਕੂਲਰ ਜਾਰੀ ਕਰਦਿਆਂ ਇਸ 'ਤੇ ਪੂਰੀ ਤਰ੍ਹਾਂ ਰੋਕ ਲਾਉਂਦਿਆਂ ਪ੍ਰਬੰਧਕਾਂ ਨੂੰ ਇਸ ਦਾ ਕੋਈ ਬਦਲ ਵਰਤਣ ਦੀ ਹਦਾਇਤ ਦਿੱਤੀ ਹੈ।

# ਖ਼ਾਲਸਾ ਏਡ ਦੇ ਕੌਮੀ ਸੇਵਕ ਅਮਰਪ੍ਰੀਤ ਸਿੰਘ ਨੇ ਅਚਾਨਕ ਦਿੱਤਾ ਅਸਤੀ.ਫਾ

ਵਿਸ਼ਵ ਅਤੇ ਭਾਰਤ ਵਿੱਚ ਆਫ਼ਤ ਦੇ ਸਮੇਂ ਸਭ ਤੋਂ ਪਹਿਲਾਂ ਅੱਗੇ ਆਉਣ ਵਾਲੀ ਸਮਾਜ ਸੇਵੀ ਸੰਸਥਾ ਖ਼ਾਲਸਾ ਏਡ ਦੇ ਕੌਮੀ ਸੇਵਕ ਅਮਰਪ੍ਰੀਤ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਖਾਲਸਾ ਏਡ ਨੇ ਪ੍ਰੈੱਸ ਨੋਟ ਜਾਰੀ ਕਰਕੇ ਇਸ ਦੀ ਜਾਣਕਾਰੀ ਦਿੱਤੀ ਹੈ। ਇੰਨਾ ਹੀ ਨਹੀਂ ਅਮਰਪ੍ਰੀਤ ਸਿੰਘ ਦੇ ਨਾਲ ਪੰਜਾਬ ਟੀਮ ਵੱਲੋਂ ਵੀ ਆਪਣੇ-ਆਪਣੇ ਅਹੁਦਿਆਂ ਤੋਂ ਅਸਤੀਫਾ ਦਿੱਤੇ ਜਾਣ ਦੀ ਖਬਰ ਹੈ, ਹਾਲਾਂਕਿ ਖਾਲਸਾ ਏਡ ਨੇ ਅਜੇ ਤੱਕ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ।ਅਮਰਪ੍ਰੀਤ ਸਿੰਘ ਨੇ 10 ਸਾਲਾਂ ਤੱਕ ਭਾਰਤ ਵਿੱਚ ਖਾਲਸਾ ਏਡ ਦੇ ਮੈਨੇਜਿੰਗ ਡਾਇਰੈਕਟਰ ਵਜੋਂ ਸੇਵਾ ਨਿਭਾਈ ਅਤੇ ਇਸ ਸਾਲ ਪੰਜਾਬ ਅਤੇ ਹੋਰ ਰਾਜਾਂ ਵਿੱਚ ਆਏ ਹੜ੍ਹਾਂ ਦੌਰਾਨ ਰਾਹਤ ਸਮੱਗਰੀ ਪ੍ਰਦਾਨ ਕਰਨ ਵਿੱਚ ਸਭ ਤੋਂ ਅੱਗੇ ਰਹੇ। ਪਿਛਲੇ 10 ਸਾਲਾਂ ਵਿੱਚ ਖਾਲਸਾ ਏਡ ਵੱਲੋਂ ਭਾਰਤ ਅਤੇ ਪੰਜਾਬ ਵਿੱਚ ਕੀਤੇ ਗਏ ਸਾਰੇ ਰਾਹਤ ਅਤੇ ਬਚਾਅ ਕਾਰਜ ਅਮਰਪ੍ਰੀਤ ਸਿੰਘ ਦੀ ਨਿਗਰਾਨੀ ਹੇਠ ਕੀਤੇ ਗਏ ਸਨ। ਪਰ ਅਚਾਨਕ ਅਮਰਪ੍ਰੀਤ ਸਿੰਘ ਅਤੇ ਪੰਜਾਬ ਟੀਮ ਦੇ ਅਸਤੀਫੇ ਤੋਂ ਬਾਅਦ ਹਲਚਲ



ਮਚ ਗਈ ਹੈ। ਖਾਲਸਾ ਏਡ ਜਲਦੀ ਹੀ ਆਪਣੇ ਨਵੇਂ ਨੈਸ਼ਨਲ ਐਮਡੀ ਅਹੁਦੇ ਦੇ ਨਾਮ ਦਾ ਐਲਾਨ ਕਰ ਸਕਦੀ ਹੈ। ਇਸ ਤੋਂ ਪਹਿਲਾਂ NIA ਨੇ 2 ਅਗਸਤ ਨੂੰ ਸਵੇਰੇ 5 ਵਜੇ ਖਾਲਸਾ ਏਡ ਦੇ ਦਫਤਰ ਅਤੇ ਅਮਰਪ੍ਰੀਤ ਸਿੰਘ ਦੇ ਘਰ ਛਾਪਾ ਮਾਰ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਉਸ ਸਮੇਂ ਖਾਲਸਾ ਏਡ ਦੇ ਅਹਿਮ ਦਸਤਾਵੇਜ਼ ਐਨਆਈਏ ਨੇ ਆਪਣੇ ਕਬਜ਼ੇ ਵਿੱਚ ਲੈ ਲਏ ਸਨ। NIA ਦਾ ਉਦੇਸ਼ ਖਾਲਸਾ ਏਡ ਨੂੰ ਫੰਡ ਮੁਹੱਈਆ ਕਰਵਾਉਣ ਵਾਲੇ ਲੋਕਾਂ ਅਤੇ ਫੰਡ ਮੁਹੱਈਆ ਕਰਵਾਉਣ ਦੇ ਤਰੀਕਿਆਂ ਦੀ ਜਾਂਚ ਕਰਨਾ ਸੀ। ਇਸ ਦੌਰਾਨ ਅਮਰਪ੍ਰੀਤ ਸਿੰਘ ਨੇ ਆਪਣਾ ਪੱਖ ਪੇਸ਼ ਕਰਦਿਆਂ ਸਪੱਸ਼ਟ ਕੀਤਾ ਸੀ ਕਿ ਖਾਲਸਾ ਏਡ ਉਹ ਜਾਣਕਾਰੀ ਦਿੰਦੀ ਰਹੇਗੀ, ਜਿਸ ਦੀ NAI ਨੂੰ ਲੋੜ ਹੋਵੇਗੀ। ਇਸ ਛਾਪੇਮਾਰੀ ਦਾ ਪੰਜਾਬ ਵਿਚ ਭਾਰੀ ਵਿਰੋਧ ਹੋਇਆ, ਕਿਉਂਕਿ ਇਹ ਛਾਪੇਮਾਰੀ ਅਜਿਹੇ ਸਮੇਂ ਹੋਈ ਜਦੋਂ ਪੂਰਾ ਪੰਜਾਬ ਹੜ੍ਹਾਂ ਦੀ ਲਪੇਟ ਵਿਚ ਸੀ ਅਤੇ ਖਾਲਸਾ ਏਡ ਵਲੋਂ ਵੱਡੇ ਪੱਧਰ 'ਤੇ ਬਚਾਅ ਮੁਹਿੰਮ ਚਲਾਈ ਜਾ ਰਹੀ ਸੀ।

# ਸਰਕਾਰ ਵੱਲੋਂ ਕਿਸਾਨਾਂ ਤੋਂ ਲਏ ਜਾਣ ਵਾਲੇ ਵਾਟਰ ਸੈੱਸ ਨੂੰ ਖ਼ਤਮ ਕਰਨ ਦੀ ਤਿਆਰੀ

ਚੰਡੀਗੜ੍ਹ : ਪੰਜਾਬ 'ਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿੱਗਦਾ ਜਾ ਰਿਹਾ ਹੈ। ਇਸ ਨੂੰ ਰੋਕਣ ਲਈ ਪੰਜਾਬ ਸਰਕਾਰ ਇਕ ਹੋਰ ਮਹੱਤਪਵਪੂਰਨ ਕਦਮ ਚੁੱਕਣ ਜਾ ਰਹੀ ਹੈ। ਸਰਕਾਰ ਕਿਸਾਨਾਂ ਤੋਂ ਲਏ ਜਾਣ ਵਾਲੇ ਵਾਟਰ ਸੈੱਸ ਨੂੰ ਖ਼ਤਮ ਕਰਨ ਦੀ ਤਿਆਰੀ ਕਰ ਰਹੀ ਹੈ। ਇਸ ਬਾਰੇ ਸਰਕਾਰ ਨੇ ਆਪਣੇ ਪੱਧਰ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਹਾਲਾਂਕਿ ਪਹਿਲਾਂ ਵੀ ਸਰਕਾਰ ਕਈ ਸਾਲਾਂ ਤੋਂ ਕਿਸਾਨਾਂ ਤੋਂ ਪਾਣੀ ਦਾ ਕਰ, ਭਾਵ ਵਾਟਰ ਸੈੱਸ ਨਹੀਂ ਲੈ ਰਹੀ। ਫਿਰ ਵੀ ਜੇਕਰ ਇਹ ਯੋਜਨਾ ਸਹੀ ਤਰੀਕੇ ਨਾਲ ਲਾਗੂ ਹੋ ਜਾਵੇ ਤਾਂ ਨਹਿਰਾਂ ਦੇ ਪਾਣੀ ਦੀ ਵਰਤੋਂ 'ਤੇ ਵੀ ਕੋਈ ਬਿੱਲ ਨਹੀਂ ਆਵੇਗਾ। ਵਿਭਾਗ ਅਨੁਸਾਰ ਇਹ ਸੈੱਸ 100 ਰੁਪਏ ਪ੍ਰਤੀ ਏਕੜ ਬਣਦਾ ਹੈ। ਸਰਕਾਰ ਇਸ ਨੂੰ ਖ਼ਤਮ ਕਰਨਾ ਚਾਹੁੰਦੀ ਹੈ ਅਤੇ ਕਿਸਾਨ ਜ਼ਮੀਨ ਹੇਠਲੇ ਪਾਣੀ ਦੀ ਜਗ੍ਹਾ ਨਹਿਰੀ ਪਾਣੀ ਦੀ ਵਰਤੋਂ ਜ਼ਿਆਦਾ ਕਰਨ। ਇਸ ਲਈ ਨਹਿਰਾਂ ਅਤੇ ਛੱਪੜਾਂ ਦੀ ਹਾਲਤ ਨੂੰ ਸੁਧਾਰਿਆ ਗਿਆ ਹੈ। ਕੈਬਨਿਟ ਮੰਤਰੀ ਮੀਤ ਹੇਅਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ 40 ਸਾਲ ਬਾਅਦ ਖੇਤਾਂ 'ਚ ਨਹਿਰੀ ਪਾਣੀ ਪਹੁੰਚਾਇਆ ਹੈ। 13,000 ਤੋਂ ਵੱਧ ਛੱਪੜਾਂ ਦੀ ਮੁਰੰਮਤ ਕਰਵਾਈ ਗਈ ਹੈ, ਜਿਸ ਨਾਲ ਕਿਸਾਨਾਂ ਨੂੰ ਫਾਇਦਾ ਹੋਵੇਗਾ। ਇਸ ਤੋਂ ਇਲਾਵਾ ਹੋਰ ਵੀ ਕਈ ਆਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਥੇ ਦੱਸਣਯੋਗ ਹੈ ਕਿ ਪਿਛਲੇ 8 ਸਾਲਾਂ ਦੌਰਾਨ 210.69 ਕਰੋੜ ਰੁਪਏ ਵਾਟਰ ਸੈੱਸ ਬਣਦਾ ਹੈ, ਜਿਸ ਵਿਚੋਂ ਸਿਰਫ਼ 2.5 ਕਰੋੜ ਹੀ ਵਸੂਲ ਹੋ ਸਕਿਆ ਹੈ।



ਬਾਕੀ 208 ਕਰੋੜ ਦੇ ਕਰੀਬ ਬਕਾਇਆ ਬਚਦਾ ਹੈ। ਜੇਕਰ ਇਸ ਯੋਜਨਾ ਨੂੰ ਚੰਗੀ ਤਰ੍ਹਾਂ ਲਾਗੂ ਕਰ ਦਿੱਤਾ ਗਿਆ ਤਾਂ ਕਿਸਾਨ ਜ਼ਮੀਨ ਹੇਠਲੇ ਪਾਣੀ ਦੀ ਘੱਟ ਵਰਤੋਂ ਕਰਨਗੇ, ਜਿਸ ਨਾਲ ਬਿਜਲੀ ਦੀ ਵਰਤੋਂ 'ਚ ਕਟੌਤੀ ਆਵੇਗੀ ਅਤੇ ਸੂਬੇ ਤੋਂ ਬਿਜਲੀ ਸਬਸਿਡੀ ਦਾ ਬੋਝ ਘਟੇਗਾ। ਲਿਹਾਜ਼ਾ ਇਸ ਨਾਲ ਜਿੱਥੇ ਕਿਸਾਨਾਂ ਨੂੰ ਤਾਂ ਫਾਇਦਾ ਹੋਵੇਗਾ ਹੀ, ਉਥੇ ਹੀ ਜ਼ਮੀਨ ਹੇਠਲੇ ਘੱਟ ਰਹੇ ਪਾਣੀ ਦੇ ਪੱਧਰ ਤੋਂ ਵੀ ਬਚਾਅ ਹੋਵੇਗਾ।

# ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ 'ਚ ਗਠਜੋੜਾਂ ਨੂੰ ਲੈ ਕੇ ਭੰਬਲਭੂਸਾ

ਜਲੰਧਰ: ਪੰਜਾਬ 'ਚ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਦੌਰਾਨ ਵੱਖ-ਵੱਖ ਗਠਜੋੜਾਂ ਨੂੰ ਲੈ ਕੇ ਭੰਬਲਭੂਸਾ ਬਣਿਆ ਹੋਇਆ ਹੈ। ਤਸਵੀਰ ਸਪੱਸ਼ਟ ਹੋਣ 'ਚ ਕੁੱਝ ਮਹੀਨੇ ਹੋਰ ਲੱਗਣ ਦੀ ਸੰਭਾਵਨਾ ਹੈ। ਰਾਸ਼ਟਰੀ ਪੱਧਰ 'ਤੇ INDIA ਗਠਜੋੜ ਦਾ ਗਠਨ ਕੀਤਾ ਗਿਆ ਹੈ ਜੋ ਭਾਜਪਾ ਅਤੇ ਉਸ ਦੇ ਸਹਿਯੋਗੀਆਂ ਨੂੰ ਚੁਣੌਤੀ ਦੇਵੇਗਾ। ਇਸ ਗਠਜੋੜ 'ਚ ਕਾਂਗਰਸ, ਆਮ ਆਦਮੀ ਪਾਰਟੀ ਅਤੇ ਹੋਰ ਸਹਿਯੋਗੀ ਪਾਰਟੀਆਂ ਸ਼ਾਮਿਲ ਹਨ। ਮੌਜੂਦਾ ਸਮੇਂ 'ਚ ਪੰਜਾਬ ਦੀ ਸੱਤਾ ਦੀ ਚਾਬੀ ਆਮ ਆਦਮੀ ਪਾਰਟੀ ਦੇ ਹੱਥਾਂ 'ਚ ਹੈ।

ਮੁੱਖ ਮੰਤਰੀ ਭਗਵੰਤ ਮਾਨ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਇੰਡੀਆ ਗਠਜੋੜ ਦੀਆਂ ਮੀਟਿੰਗਾਂ 'ਚ ਸ਼ਾਮਿਲ ਹੋਏ ਹਨ। ਪੰਜਾਬ 'ਚ ਆਪ ਅਤੇ ਕਾਂਗਰਸ ਦੇ ਗਠਜੋੜ ਨੂੰ ਲੈ ਕੇ ਅਜੇ ਤਸਵੀਰ ਅਸਪੱਸ਼ਟ ਨਜ਼ਰ ਆ ਰਹੀ ਹੈ। ਕਈ ਕਾਂਗਰਸੀ ਆਗੂ ਗਠਜੋੜ ਦਾ ਵਿਰੋਧ ਕਰ ਰਹੇ ਹਨ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਜ਼ਰੂਰ ਇਹ ਬਿਆਨ ਦਿੱਤਾ ਹੈ ਕਿ ਇਸ ਵੇਲੇ ਲੜਾਈ ਕੇਂਦਰ ਦੀ ਭਾਜਪਾ ਸਰਕਾਰ ਖ਼ਿਲਾਫ਼ ਹੈ। ਸਿੱਧੂ ਨੇ ਇਸ਼ਾਰਿਆਂ 'ਚ ਸਪੱਸ਼ਟ ਕਰ ਦਿੱਤਾ ਹੈ ਕਿ ਜੇ ਕੇਂਦਰੀ ਹਾਈਕਮਾਂਡ ਨੇ ਕਿਹਾ ਤਾਂ ਪੰਜਾਬ 'ਚ ਗਠਜੋੜ ਬਣਾਉਣਾ ਪਵੇਗਾ।ਦੂਜੇ ਪਾਸੇ ਆਮ ਆਦਮੀ ਪਾਰਟੀ ਵੀ ਆਪਣੇ ਆਪ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ। ਮੁੱਖ ਮੰਤਰੀ ਭਗਵੰਤ ਮਾਨ ਲਗਾਤਾਰ ਸਰਕਾਰੀ ਨੌਕਰੀਆਂ ਦੇਣ 'ਚ ਲੱਗੇ ਹੋਏ ਹਨ। ਜਥੇਬੰਦਕ ਪੱਧਰ 'ਤੇ ਪਾਰਟੀ ਅੰਦਰ ਹਲਚਲ ਤੇਜ਼ ਹੋ ਗਈ ਹੈ। ਆਪ ਦੇ ਸੰਸਦ ਮੈਂਬਰ ਸੰਜੇ ਸਿੰਘ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪਾਰਟੀ ਨੇ ਪੰਜਾਬ 'ਚ ਜ਼ਿਲ੍ਹਾ ਪੱਧਰ 'ਤੇ ਧਰਨੇ ਦਿੱਤੇ ਹਨ। ਇਸ ਦਾ ਮੰਤਵ ਵੌਲੰਟੀਅਰਾਂ ਨੂੰ ਉਤਸ਼ਾਹਿਤ ਕਰਨਾ ਸੀ।

# ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ ਲਈ ਸ਼੍ਰੋਮਣੀ ਕਮੇਟੀ ਠੋਸ ਯੋਜਨਾ ਉਲੀਕੇ : ਗਲੋਬਲ ਸਿੱਖ ਕੌਂਸਲ

ਚੰਡੀਗੜ੍ਹ : ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਅਪੀਲ ਕੀਤੀ ਹੈ ਕਿ ਸਿੱਖਾਂ ਦੀ ਮੁੱਢਲੀ ਧਾਰਮਿਕ ਸੰਸਥਾ ਵਜੋਂ ਆਪਣੀ ਅਹਿਮ ਭੂਮਿਕਾ ਦੇ ਮੱਦੇਨਜਰ ਸਿੱਖ ਕੌਮ ਨੂੰ ਦਰਪੇਸ਼ ਅਨੇਕਾਂ ਚੁਣੌਤੀਆਂ ਦੇ ਹੱਲ ਲਈ ਤੁਰੰਤ ਠੋਸ ਯੋਜਨਾ ਉਲੀਕੇ। ਐਸ.ਜੀ.ਪੀ.ਸੀ. ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਨੂੰ ਲਿਖੇ ਪੱਤਰ ਵਿੱਚ ਜੀ.ਐਸ.ਸੀ. ਦੀ ਪ੍ਰਧਾਨ ਲੇਡੀ ਸਿੰਘ ਡਾ. ਕੰਵਲਜੀਤ ਕੌਰ ਨੇ ਸੁਝਾਅ ਦਿੱਤਾ ਹੈ ਕਿ ਉਹ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਬਣਦੀ ਜਿੰਮੇਵਾਰੀ ਨਿਭਾਉਣ ਅਤੇ ਪਿੰਡਾਂ ਵਿੱਚ ਬਰਾਬਰੀ ਦੇ ਸਿੱਖ ਸਿਧਾਂਤਾਂ, ਅੰਮ੍ਰਿਤ ਸੰਚਾਰ ਤੇ ਗੁਰਸਿੱਖੀ ਨੂੰ ਬਿਹਤਰ ਤਰੀਕੇ ਨਾਲ ਪ੍ਰਫੁੱਲਤ ਕਰਨ ਲਈ ਆਪੋ-ਆਪਣੇ ਹਲਕਿਆਂ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਕਹਿਣ। ਜੀ.ਐਸ.ਸੀ. ਦੀ ਪ੍ਰਧਾਨ ਨੇ ਭਵਿੱਖੀ ਖ਼ਦਸ਼ਾ ਜ਼ਾਹਰ ਕਰਦਿਆਂ ਕਿਹਾ ਹੈ ਕਿ ਹੇਠਲੇ ਪੱਧਰ ਉੱਪਰ ਗੁਰਬਾਣੀ, ਮਰਿਯਾਦਾ ਅਤੇ ਅੰਮ੍ਰਿਤ ਪ੍ਰਚਾਰ ਦੇ ਪ੍ਰਚਾਰ-ਪ੍ਰਸਾਰ ਨੂੰ ਨਜ਼ਰਅੰਦਾਜ਼ ਕਰਨ ਦੇ ਵਿਨਾਸ਼ਕਾਰੀ ਨਤੀਜੇ ਨਿੱਕਲ ਸਕਦੇ ਹਨ ਕਿਉਂਕਿ ਅਗਿਆਨ ਲੋਕਾਂ ਦੇ ਅਨੈਤਿਕ ਧਰਮ ਪਰਿਵਰਤਨ ਲਈ ਸੰਭਾਵੀ ਤੌਰ 'ਤੇ ਈਸਾਈ ਪਾਦਰੀਆਂ ਤੇ ਪ੍ਰਚਾਰਕਾਂ ਵੱਲੋਂ ਅਜਿਹੀ ਸਥਿਤੀ ਦਾ ਫ਼ਾਇਦਾ ਉਠਾਇਆ ਜਾਂਦਾ ਹੈ। ਇਸ ਤੋਂ ਇਲਾਵਾ, ਗਲੋਬਲ ਸਿੱਖ ਕੌਂਸਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਐਸ.ਜੀ.ਪੀ.ਸੀ. ਮੈਂਬਰਾਂ ਨੂੰ ਆਪਣੇ ਹਲਕੇ ਦੇ ਲੋਕਾਂ ਨਾਲ ਨਜ਼ਦੀਕੀ ਸਬੰਧ ਸਥਾਪਤ ਕਰਨੇ ਚਾਹੀਦੇ ਹਨ ਅਤੇ, ਧਾਰਮਿਕ ਪ੍ਰਚਾਰਕਾਂ ਦੇ ਸਹਿਯੋਗ ਨਾਲ, ਸਿੱਖੀ ਅਤੇ ਅੰਮ੍ਰਿਤ ਪ੍ਰਚਾਰ ਦੀ ਲਹਿਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਿੰਡਾਂ ਵਿੱਚ ਨੌਜਵਾਨਾਂ ਵੱਲੋਂ ਨਸ਼ਿਆਂ ਦੀ ਵਰਤੋਂ ਵਿੱਚ ਹੋ ਰਹੇ ਚਿੰਤਾਜਨਕ ਵਾਧੇ ਵਿਰੁੱਧ ਅਜਿਹੇ ਪ੍ਰਭਾਵਿਤ ਪਰਿਵਾਰਾਂ ਤੇ ਨੌਜਵਾਨਾਂ ਨੂੰ ਬਚਾਉਣ ਲਈ ਸਰਗਰਮੀ ਨਾਲ ਮੁਹਿੰਮ ਚਲਾਉਣ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 'ਧਰਮ ਪ੍ਰਚਾਰ ਲਹਿਰ' ਤਹਿਤ ਉੱਘੇ ਰਾਗੀ, ਢਾਡੀ, ਪ੍ਰਚਾਰਕ ਜਥਿਆਂ ਤੇ ਸਿੱਖ ਕਥਾਵਾਚਕਾਂ ਨੂੰ ਪਿੰਡਾਂ-ਸ਼ਹਿਰਾਂ ਵਿੱਚ ਗੁਰਬਾਣੀ, ਕੀਰਤਨ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਥਾਵਾਂ 'ਤੇ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਦੇ ਪ੍ਰੋਗਰਾਮ ਅਤੇ ਵਿੱਦਿਅਕ ਸੰਸਥਾਵਾਂ ਵਿਚ ਧਾਰਮਿਕ ਮੁਕਾਬਲੇ ਕਰਵਾਏ ਜਾਣ। ਇਸ ਦੇ ਨਾਲ ਹੀ 'ਕੇਸਾਧਾਰੀ' ਖੇਡ ਸਮਾਗਮਾਂ ਕਰਵਾਉਣ 'ਤੇ ਵੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਅਤੇ ਖਾਸ ਤੌਰ 'ਤੇ ਹਰ ਗੁਰਦੁਆਰੇ ਵਿੱਚ ਸਿੱਖ ਮਾਰਸ਼ਲ ਆਰਟ ਗੱਤਕਾ ਦੇ ਸਿਖਲਾਈ ਕੈਂਪ ਲਾਏ ਜਾਣ।

# ਐਸਵਾਈਐਲ ਨੂੰ ਲੈਕੇ ਅਕਾਲੀ ਦਲ ਵਲੋਂ ਵਿਰੋਧ ਪ੍ਰਦਰਸ਼ਨ, ਪੁਲਿਸ ਨੇ ਮਾਰੀਆਂ ਪਾਣੀ ਦੀਆਂ ਬੌਛਾੜਾਂ

ਚੰਡੀਗੜ੍ਹ - ਐਸਵਾਈਐਲ ਨਹਿਰ ਦੇ ਮੁੱਦੇ 'ਤੇ ਪੰਜਾਬ 'ਚ ਸਿਆਸਤ ਗਰਮਾ ਗਈ ਹੈ। ਸੋਮਵਾਰ ਨੂੰ ਕਾਂਗਰਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਮੰਗਲਵਾਰ ਨੂੰ ਚੰਡੀਗੜ੍ਹ 'ਚ ਵੱਡਾ ਪ੍ਰਦਰਸ਼ਨ ਕੀਤਾ। ਅਕਾਲੀ ਵਰਕਰਾਂ ਨੂੰ ਰੋਕਣ ਲਈ ਪੁਲਿਸ ਨੂੰ ਕਾਫੀ ਜੱਦੋ ਜਹਿਦ ਕਰਨੀ ਪਈ।ਸਤਲੁਜ-ਯਮੁਨਾ ਲਿੰਕ ਨਹਿਰ (ਐਸਵਾਈਐਲ) ਦੇ ਮੁੱਦੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਦੇ ਵਰਕਰਾਂ ਅਤੇ ਆਗੂਆਂ ਨੇ ਚੰਡੀਗੜ੍ਹ ਵਿੱਚ ਰੋਸ ਪ੍ਰਦਰਸ਼ਨ ਕੀਤਾ।

ਇਸ ਦੌਰਾਨ ਚੰਡੀਗੜ੍ਹ ਪੁਲਸ ਨੇ ਉਨ੍ਹਾਂ ਨੂੰ ਖਦੇੜਨ ਲਈ ਜਲ ਤੋਪਾਂ ਦੀ ਵਰਤੋਂ ਕੀਤੀ। ਇਸ ਧਰਨੇ ਦੀ ਅਗਵਾਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤੀ। ਅਕਾਲੀ ਵਰਕਰ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਜਾ ਰਹੇ ਸਨ। ਪਰ ਪੁਲਿਸ ਨੇ ਉਨ੍ਹਾਂ ਨੂੰ ਅੱਗੇ ਨਹੀਂ ਵਧਣ ਦਿੱਤਾ। ਕਈ ਆਗੂਆਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਵੀ ਲਿਆ ।ਇਸ ਤੋਂ ਪਹਿਲਾਂ ਸੋਮਵਾਰ ਨੂੰ ਪੰਜਾਬ ਕਾਂਗਰਸ ਨੇ ਵੀ ਇਸੇ ਮੁੱਦੇ 'ਤੇ ਚੰਡੀਗੜ੍ਹ 'ਚ ਵੱਡਾ ਵਿਰੋਧ ਪ੍ਰਦਰਸ਼ਨ ਕੀਤਾ ਸੀ। ਪਰ ਪੁਲਿਸ ਨੇ ਰਾਜ ਭਵਨ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਕਾਂਗਰਸੀ ਵਰਕਰਾਂ 'ਤੇ ਪਾਣੀ ਦੀਆਂ ਤੋਪਾਂ ਵੀ ਚਲਾਈਆਂ ਗਈਆਂ। ਇਨ੍ਹੀਂ ਦਿਨੀਂ ਪੰਜਾਬ 'ਚ ਐਸਵਾਈਐਲ ਮੁੱਦੇ 'ਤੇ ਸਿਆਸਤ ਗਰਮਾਈ ਹੋਈ ਹੈ। ਪਾਰਟੀ ਅਤੇ ਵਿਰੋਧੀ ਧਿਰ ਇਕ-ਦੂਜੇ 'ਤੇ ਦੋਸ਼ ਲਗਾ ਰਹੇ ਹਨ। ਇਸ ਤੋਂ ਪਹਿਲਾਂ ਸੁਖਬੀਰ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਦੇ ਵਰਕਰਾਂ ਨੇ ਸੀ.ਐਮ. ਨਿਵਾਸ ਵੱਲ ਮਾਰਚ ਕੀਤਾ।

# ਹਾਈ ਕੋਰਟ ਦੀ ਸ਼ਰਨ 'ਚ ਅੰਮ੍ਰਿਤਪਾਲ ਦਾ ਸਾਥੀ, ਪਟੀਸ਼ਨ 'ਚ ਐਨ.ਐਸ.ਏ. ਦੇ ਤਹਿਤ ਗ੍ਰਿਫ਼ਤਾਰੀ ਨੂੰ ਦੱਸਿਆ ਗੈਰ-ਕਾਨੂੰਨੀ

ਚੰਡੀਗੜ੍ਹ : ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਵਾਰਿਸ ਪੰਜਾਬ ਦੇ ਸੰਗਠਨ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸਾਥੀ ਗੁਰਿੰਦਰ ਸਿੰਘ ਔਜਲਾ ਉਰਫ਼ ਗੁਰੀ ਔਜਲਾ ਨੇ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਆਪਣੀ ਗ੍ਰਿਫ਼ਤਾਰੀ ਅਤੇ ਕੌਮੀ ਸੁਰੱਖਿਆ ਐਕਟ (ਐਨਐਸਏ) ਤਹਿਤ ਕੀਤੀ ਜਾ ਰਹੀ ਕਾਰਵਾਈ ਨੂੰ ਚੁਣੌਤੀ ਦਿੱਤੀ ਹੈ। ਇਸ ਪਟੀਸ਼ਨ 'ਤੇ ਹਾਈਕੋਰਟ ਨੇ ਪੰਜਾਬ ਸਰਕਾਰ ਅਤੇ ਹੋਰਨਾਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਦਾਇਰ ਕਰਨ ਦੇ ਹੁਕਮ ਦਿੱਤੇ ਹਨ। **ਔਜਲਾ ਨੇ ਗ੍ਰਿਫਤਾਰੀ ਨੂੰ ਦੱਸਿਆ ਗੈਰ-ਕਾਨੂੰਨੀ** ਪਟੀਸ਼ਨ ਵਿੱਚ ਗੁਰਿੰਦਰ ਸਿੰਘ ਔਜਲਾ ਨੇ ਗ੍ਰਿਫਤਾਰੀ ਨੂੰ ਗੈਰ-ਕਾਨੂੰਨੀ ਦੱਸਿਆ ਹੈ। ਅਦਾਲਤ ਨੂੰ ਦੱਸਿਆ ਗਿਆ ਕਿ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਮੁਹਿੰਮ ਵਿੱਢੀ ਹੋਈ ਹੈ। ਇਸ ਤਹਿਤ ਅੰਮ੍ਰਿਤਪਾਲ ਦੇ ਸਾਥੀਆਂ ਖਿਲਾਫ਼ ਸ਼ਿਕੰਜਾ ਕੱਸਿਆ ਗਿਆ ਸੀ। ਇਸੇ ਲੜੀ ਵਿੱਚ ਪਟੀਸ਼ਨਰ ਨੂੰ ਵੀ ਪੀੜਤ ਬਣਾਇਆ ਗਿਆ ਅਤੇ ਉਸ ਖ਼ਿਲਾਫ਼ ਕੌਮੀ ਸੁਰੱਖਿਆ ਐਕਟ ਤਹਿਤ ਕੇਸ ਦਰਜ ਕੀਤਾ ਗਿਆ। ਇਸ ਕਾਰਵਾਈ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ।

# ਨਿਠਾਰੀ ਕਾਂਡ: ਮੋਨਿੰਦਰ ਸਿੰਘ ਪੰਧੇਰ ਅਤੇ ਸੁਰੇਂਦਰ ਕੋਲੀ ਨੂੰ ਹਾਈ ਕੋਰਟ ਨੇ ਕੀਤਾ ਬਰੀ

ਇਲਾਹਾਬਾਦ ਹਾਈ ਕੋਰਟ ਨੇ ਨਿਠਾਰੀ ਮਾਮਲੇ 'ਚ ਮੁੱਖ ਮੁਲਜ਼ਮਾਂ ਮੋਨਿੰਦਰ ਸਿੰਘ ਪੰਧੇਰ ਅਤੇ ਸੁਰੇਂਦਰ ਕੋਲੀ ਨੂੰ ਬਰੀ ਕਰ ਦਿੱਤਾ ਹੈ।ਇਲਾਹਾਬਾਦ ਹਾਈ ਕੋਰਟ ਨੇ ਸੋਮਵਾਰ ਨੂੰ 2006 ਦੇ ਚਰਚਿਤ ਨਿਠਾਰੀ ਕਾਂਡ ਦੇ ਇਲਜ਼ਾਮ ਵਿੱਚ ਜੇਲ੍ਹ ਵਿੱਚ ਬੰਦ ਮੋਨਿੰਦਰ ਸਿੰਘ ਪੰਧੇਰ ਅਤੇ ਉਸ ਦੇ ਘਰੇਲੂ ਸਹਾਇਕ ਸੁਰਿੰਦਰ ਕੋਲੀ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕੀਤਾ ਹੈ।ਸੁਰਿੰਦਰ ਕੋਲੀ ਅਤੇ ਉਸ ਦੇ ਕਾਰੋਬਾਰੀ ਮਾਲਕ ਮੋਨਿੰਦਰ ਸਿੰਘ ਪੰਧੇਰ ਨੂੰ 2009 ਵਿੱਚ ਬਲਾਤਕਾਰ ਅਤੇ ਕਤਲ ਕੇਸ ਵਿੱਚ ਸਜ਼ਾ ਹੋਈ ਸੀ।ਇਹ ਮਾਮਲਾ ਉਦੋਂ ਸਾਹਮਣੇ ਆਇਆ ਸੀ ਜਦੋਂ ਨੋਇਡਾ ਦੇ ਨਿਠਾਰੀ 'ਚ ਮੋਨਿੰਦਰ ਸਿੰਘ ਪੰਧੇਰ ਦੇ ਘਰ ਦੇ ਪਿਛਲੇ ਪਾਸੇ ਕੁਝ ਇਨਸਾਨੀ ਪਿੰਜਰ ਮਿਲੇ ਸਨ।ਉਸ ਸਮੇਂ ਮੋਨਿੰਦਰ ਸਿੰਘ ਪੰਧੇਰ ਦੇ ਘਰ ਦੇ ਸਾਹਮਣੇ ਤੋਂ ਲੰਘਦੇ ਸੀਵਰੇਜ 'ਚੋਂ ਵੀ ਮਨੁੱਖੀ ਸਰੀਰ ਦੇ ਕੁਝ ਅੰਗ ਅਤੇ ਬੱਚਿਆਂ ਦੇ ਕੱਪੜੇ ਮਿਲੇ ਸਨ।ਪੁਲਿਸ ਮੁਤਾਬਕ, ਇਸ ਕਾਂਡ ਵਿੱਚ ਘੱਟੋ-ਘੱਟ 19 ਨੌਜਵਾਨ ਮਹਿਲਾਵਾਂ ਨਾਲ ਬਲਾਤਕਾਰ ਕੀਤਾ ਗਿਆ ਸੀ, ਉਨ੍ਹਾਂ ਦਾ ਕਤਲ ਕੀਤਾ ਗਿਆ ਸੀ ਅਤੇ ਉਨ੍ਹਾਂ ਦੀਆਂ ਲਾਸ਼ਾਂ ਦੇ ਟੁਕੜੇ ਕਰ ਦਿੱਤੇ ਗਏ ਸਨ।ਪੁਲਿਸ ਨੇ ਉਸ ਸਮੇਂ ਕਿਹਾ ਸੀ ਕਿ ਕਤਲ ਪੰਧੇਰ ਦੇ ਘਰ ਦੇ ਅੰਦਰ ਹੋਏ ਸਨ, ਜਿੱਥੇ ਕੋਲੀ ਨੌਕਰ ਵਜੋਂ ਕੰਮ ਕਰਦਾ ਸੀ।





**ਪੁਲਿਸ ਨੇ ਹੋਰ ਕੀ-ਕੀ ਦੱਸਿਆ ਸੀ**

ਪੁਲਿਸ ਨੇ ਇਲਜ਼ਾਮ ਲਾਇਆ ਕਿ ਜਿਨ੍ਹਾਂ ਬੱਚਿਆਂ ਦੀਆਂ ਲਾਸ਼ਾਂ ਬੋਰੀਆਂ ਵਿੱਚ ਛੁਪਾਈਆਂ ਹੋਈਆਂ ਮਿਲੀਆਂ ਸਨ, ਉਨ੍ਹਾਂ ਨੂੰ ਕੋਲੀ ਨੇ ਮਠਿਆਈਆਂ ਅਤੇ ਚਾਕਲੇਟਾਂ ਦਾ ਲਾਲਚ ਦੇ ਕੇ ਕਤਲ ਕਰ ਦਿੱਤਾ ਸੀ।ਪੁਲਿਸ ਨੇ ਦੱਸਿਆ ਸੀ ਕਿ ਜਾਂਚ ਦੌਰਾਨ ਕੋਲੀ ਨੇ ਮਨੁੱਖੀ ਮਾਸ ਖਾਣ ਅਤੇ ਨੈਕਰੋਫਿਲੀਆ (ਲਾਸ਼ਾਂ ਨਾਲ ਸਰੀਰਕ ਸਬੰਧ ਬਣਾਉਣ) ਦਾ ਇਕਬਾਲ ਕੀਤਾ ਸੀ।ਹਾਲਾਂਕਿ, ਬਾਅਦ ਵਿੱਚ ਕੋਲੀ ਨੇ ਅਦਾਲਤ ਵਿੱਚ ਆਪਣਾ ਇਕਬਾਲੀਆ ਬਿਆਨ ਇਹ ਕਹਿੰਦੇ ਹੋਏ ਵਾਪਸ ਲੈ ਲਿਆ ਸੀ ਕਿ ਇਹ ਬਿਆਨ ਉਸ ਤੋਂ ਜ਼ਬਰਦਸਤੀ ਲਈ ਗਿਆ ਸੀ।ਸੀਬੀਆਈ ਨੇ ਸੁਰਿੰਦਰ ਕੋਲੀ ਅਤੇ ਪੰਧੇਰ ਖ਼ਿਲਾਫ਼ 19 ਕੇਸ ਦਰਜ ਕੀਤੇ ਸਨ। ਕੋਲੀ 'ਤੇ ਕਤਲ ਕਰਨ, ਅਗਵਾ ਕਰਨ, ਬਲਾਤਕਾਰ, ਸਬੂਤ ਨਸ਼ਟ ਕਰਨ ਦੇ ਇਲਜ਼ਾਮ ਸਨ, ਜਦਕਿ ਪੰਧੇਰ 'ਤੇ ਅਨੈਤਿਕ ਤਸਕਰੀ ਦਾ ਇਲਜ਼ਾਮ ਸੀ।

**ਗਾਜ਼ੀਆਬਾਦ ਅਦਾਲਤ ਨੇ ਸੁਣਾਈ ਸੀ ਮੌਤ ਸਜ਼ਾ**

ਇਹ ਮਾਮਲਾ ਕਈ ਸਾਲਾਂ ਤੱਕ ਦੇਸ਼ ਭਰ ਵਿੱਚ ਗੂੰਜਦਾ ਰਿਹਾ। ਲੋਕਾਂ ਨੇ ਪੁਲਿਸ 'ਤੇ ਲਾਪਰਵਾਹੀ ਦੇ ਇਲਜ਼ਾਮ ਲਾਏ। ਸਥਾਨਕ ਲੋਕਾਂ ਨੇ ਉਸ ਸਮੇਂ ਕਿਹਾ ਸੀ ਕਿ ਪੁਲਿਸ ਇਸ ਮਾਮਲੇ ਵਿੱਚ ਕਾਰਵਾਈ ਨਹੀਂ ਕਰ ਸਕੀ ਕਿਉਂਕਿ ਲਾਪਤਾ ਜ਼ਿਆਦਾਤਰ ਗਰੀਬ ਪਰਿਵਾਰਾਂ ਨਾਲ ਸਬੰਧਤ ਸਨ।ਇਹ ਬੱਚੇ ਨੇੜਲੇ ਬਸਤੀ ਨਿਠਾਰੀ ਵਿੱਚ ਰਹਿੰਦੇ ਸਨ ਅਤੇ ਇਸ ਕਰਕੇ ਹੀ ਇਸ ਮਾਮਲੇ ਨੂੰ 'ਨਿਠਾਰੀ ਕਾਂਡ' ਕਿਹਾ ਜਾਂਦਾ ਹੈ।ਗਾਜ਼ੀਆਬਾਦ ਦੀ ਸੀਬੀਆਈ ਅਦਾਲਤ ਨੇ ਦੋਵਾਂ ਮੁਲਜ਼ਮਾਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ, ਜਿਸ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਇਲਾਹਾਬਾਦ ਹਾਈ ਕੋਰਟ ਵਿੱਚ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਐਸਐਚਏ ਰਿਜ਼ਵੀ ਦੀ ਬੈਂਚ ਨੇ ਸੁਣਵਾਈ ਦੀ ਇਜਾਜ਼ਤ ਦਿੱਤੀ ਸੀ।

**ਹੁਣ ਅਦਾਲਤ ਨੇ ਕੀ ਕਿਹਾ**

ਹੁਣ, ਇਲਾਹਾਬਾਦ ਹਾਈ ਕੋਰਟ ਨੇ ਕਿਹਾ ਕਿ ਇਸਤਗਾਸਾ ਪੱਖ ਸ਼ੱਕ ਤੋਂ ਪਰ੍ਹੇ ਆਪਣਾ ਕੇਸ ਸਾਬਤ ਕਰਨ ਵਿੱਚ ਅਸਫਲ ਰਿਹਾ ਹੈ।ਪੰਧੇਰ ਦੀ ਵਕੀਲ ਮਨੀਸ਼ਾ ਭੰਡਾਰੀ ਨੇ ਨਿਊਜ਼ ਏਜੰਸੀ ਪੀਟੀਆਈ ਨੂੰ ਫ਼ੋਨ 'ਤੇ ਦੱਸਿਆ, ਇਲਾਹਾਬਾਦ ਹਾਈ ਕੋਰਟ ਦਾ ਹੁਕਮ ਪੰਧੇਰ ਦੀ ਜੇਲ੍ਹ ਤੋਂ ਰਿਹਾਈ ਦਾ ਰਾਹ ਪੱਧਰਾ ਕਰ ਸਕਦਾ ਹੈ।ਹਾਲਾਂਕਿ, ਕੋਲੀ ਦੇ ਅਜੇ ਵੀ ਜੇਲ੍ਹ ਵਿੱਚ ਰਹਿਣ ਦੀ ਸੰਭਾਵਨਾ ਹੈ ਕਿਉਂਕਿ ਉਹ ਇੱਕ ਹੋਰ ਕੇਸ ਵਿੱਚ ਵੀ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।ਇਸ ਦੌਰਾਨ ਸੀਬੀਆਈ ਅਧਿਕਾਰੀ ਨੇ ਪੀਟੀਆਈ ਨੂੰ ਦੱਸਿਆ ਕਿ ਉਨ੍ਹਾਂ ਦੀ ਟੀਮ ਅਦਾਲਤ ਦੇ ਹੁਕਮਾਂ ਦੀ ਕਾਪੀ ਮਿਲਣ ਦੀ ਉਡੀਕ ਕਰ ਰਹੀ ਹੈ। ਇਸ ਨੂੰ ਦੇਖ ਕੇ ਹੀ ਅਗਲਾ ਕਦਮ ਤੈਅ ਕੀਤਾ ਜਾਵੇਗਾ।

## ਕੀ ਸੀ ਮਾਮਲਾ ?

ਇਹ ਸਨਸਨੀਖੇਜ਼ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ 29 ਦਸੰਬਰ 2006 ਨੂੰ ਪੰਧੇਰ ਦੇ ਘਰ ਨੇੜਿਓਂ ਲੰਘਦੀ ਡਰੇਨ ਵਿੱਚੋਂ ਅੱਠ ਬੱਚਿਆਂ ਦੇ ਪਿੰਜਰ ਮਿਲੇ ਸਨ।ਮਾਮਲੇ ਦੀ ਜਾਂਚ ਕਰਨ ਅਤੇ ਪੰਧੇਰ ਦੇ ਘਰ ਨੇੜੇ ਨਾਲੀਆਂ ਦੀ ਤਲਾਸ਼ੀ ਲੈਣ ਤੋਂ ਬਾਅਦ ਪੁਲਿਸ ਨੂੰ ਹੋਰ ਪਿੰਜਰ ਮਿਲੇ। ਇਨ੍ਹਾਂ ਵਿੱਚੋਂ ਬਹੁਤੇ ਅਵਸ਼ੇਸ਼ ਉਨ੍ਹਾਂ ਗਰੀਬ ਬੱਚਿਆਂ ਅਤੇ ਮੁਟਿਆਰਾਂ ਦੇ ਸਨ, ਜੋ ਇਲਾਕੇ ਵਿੱਚੋਂ ਲਾਪਤਾ ਸਨ।10 ਦਿਨਾਂ ਦੇ ਅੰਦਰ ਸੀਬੀਆਈ ਨੇ ਇਸ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈ ਲਈ ਅਤੇ ਉਨ੍ਹਾਂ ਦੀ ਤਲਾਸ਼ੀ ਦੌਰਾਨ ਹੋਰ ਹੱਡੀਆਂ ਮਿਲੀਆਂ।ਪੰਧੇਰ ਅਤੇ ਕੋਲੀ 2006 ਤੋਂ ਜੇਲ੍ਹ ਵਿੱਚ ਹਨ। ਦੋਵਾਂ ਨੇ ਸੀਬੀਆਈ ਅਦਾਲਤ ਦੇ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਹਾਈਕੋਰਟ ਨੇ ਇਸੇ ਅਰਜ਼ੀ 'ਤੇ ਆਪਣਾ ਫੈਸਲਾ ਸੁਣਾਇਆ ਹੈ।




# ਪੁਰਾਣੇ ਬਾਗਾਂ ਨੂੰ ਸੁਰਜੀਤ ਕਿਵੇਂ ਕਰੀਏ



ਭਾਰਤ ਵਿੱਚ ਅੰਬ, ਅਮਰੂਦ, ਬੇਰ ਆਦਿ ਦੀ ਉਤਪਾਦਕਤਾ ਸਮਰੱਥਾ ਨਾਲੋਂ ਬਹੁਤ ਘੱਟ ਹੈ, ਜਿਸ ਦਾ ਕਾਰਨ ਪੁਰਾਣੇ ਅਤੇ ਅਣਗੌਲੇ ਬਾਗਾਂ ਦੀ ਮੌਜੂਦਗੀ ਨੂੰ ਮੰਨਿਆ ਜਾ ਸਕਦਾ ਹੈ। ਇਸ ਦਾ ਮੁੱਖ ਕਾਰਨ ਜ਼ਿਆਦਾਤਰ ਬਾਗਾਂ ਦਾ ਪੁਰਾਣਾ, ਬਹੁਤ ਉੱਚੇ ਅਤੇ ਅਣਗੌਲੀ ਛਤਰੀ ਵਾਲੇ ਦਰੱਖਤਾਂ ਦਾ ਹੋਣਾ, ਸਹੀ ਕਾਂਟ-ਛਾਂਟ ਨਾ ਹੋਣਾ, ਜ਼ਮੀਨੀ ਨੁਕਸ, ਪਾਣੀ ਦਾ ਨਿਕਾਸ ਠੀਕ ਨਾ ਹੋਣਾ, ਠੀਕ ਸੰਭਾਲ ਨਾ ਹੋਣਾ, ਮਾੜੀ ਖੁਰਾਕ, ਕੀੜੇ-ਮਕੌੜੇ, ਨਿਮਾਟੋਡ ਅਤੇ ਬਿਮਾਰੀਆਂ ਆਦਿ ਹੋ ਸਕਦੇ ਹਨ। ਅਜਿਹੇ ਬਾਗਾਂ ਦੀਆਂ ਟਹਿਣੀਆਂ ਆਪਸ ਵਿੱਚ ਫਸ ਜਾਂਦੀਆਂ ਹਨ, ਪੱਤੇ ਬਹੁਤ ਘਟ ਜਾਂਦੇ ਹਨ ਅਤੇ ਦਰੱਖਤਾਂ ਦੇ ਅੰਦਰੂਨੀ ਭਾਗਾਂ ਵਿੱਚ ਰੌਸ਼ਨੀ ਬਹੁਤ ਘੱਟ ਪਹੁੰਚਦੀ ਹੈ ਜਿਸ ਨਾਲ ਹੌਲੀ-ਹੌਲੀ ਇਹਨਾਂ ਦੀ ਛਤਰੀ ਅੰਦਰੋਂ ਖਾਲੀ ਹੋ ਜਾਂਦੀ ਹੈ ਅਤੇ ਇਸ ਦੇ ਨਾਲ ਸਿਰਫ ਫ਼ਲਾਂ ਦਾ ਝਾੜ ਹੀ ਨਹੀਂ ਘਟਦਾ ਸਗੋਂ ਫ਼ਲ ਦਾ ਆਕਾਰ ਅਤੇ ਗੁਣਵੱਤਾ ਵੀ ਕਾਫੀ ਘੱਟ ਜਾਂਦੀ ਹੈ। ਇਸ ਤੋਂ ਇਲਾਵਾ ਇਸ ਤਰ੍ਹਾਂ ਦੇ ਦਰਖੱਤਾਂ ਦੀ ਸਾਂਭ-ਸੰਭਾਲ ਜਿਵੇਂ ਕਿ ਕਾਂਟ-ਛਾਂਟ, ਸਪਰੇਅ, ਤੁੜਾਈ ਕਰਨਾ ਆਦਿ ਬਹੁਤ ਔਖਾ ਹੋ ਜਾਂਦਾ ਹੈ। ਆਮ ਤੌਰ ’ਤੇ ਕਿਸਾਨਾਂ ਨੇ ਅਜਿਹੇ ਬਾਗਾਂ ਨੂੰ ਪੁੱਟ ਕੇ ਖਾਲੀ ਜ਼ਮੀਨ ਦਾ ਇਸਤੇਮਾਲ ਨਵੇਂ ਪੌਦੇ ਲਈ ਜਾਂ ਹੋਰ ਸਲਾਨਾ ਫਸਲਾਂ ਦੀ ਕਾਸ਼ਤ ਲਈ ਕਰਨ ਦੀ ਸੋਚਦੇ ਹਨ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਫਲਾਂ ਦੇ ਪੌਦੇ 5-10 ਸਾਲਾਂ ਦੇ ਬਾਅਦ ਵਪਾਰਕ ਪੱਧਰ ਦੀ ਫਸਲ ਦਿੰਦੇ ਹਨ ਅਤੇ ਇਸ ਲਈ ਪੁਰਾਣੇ ਬਾਗ ਨੂੰ ਉਖਾੜ ਕੇ ਨਾ ਸਿਰਫ ਬਾਗਬਾਨ ਆਮਦਨ ਤੋਂ ਵਾਂਝਾ ਹੋ ਜਾਂਦਾ, ਸਗੋਂ ਵਾਤਾਵਰਨ ’ਤੇ ਵੀ ਬੁਰਾ ਅਸਰ ਪੈਂਦਾ ਹੈ। ਢੁੱਕਵੇਂ ਪ੍ਰਬੰਧਨ ਨਾਲ ਅਜਿਹੇ ਪੌਦਿਆਂ ਨੂੰ ਮੁੜ ਸੁਰਜੀਤ ਕਰਨਾ ਸੰਭਵ ਹੈ। ਬਾਗਾਂ ਦੀ ਉਤਪਾਦਕਤਾ ਮੁੜ ਤੋਂ ਵਧਾਈ ਜਾ ਸਕਦੀ ਅਤੇ ਦਰੱਖਤਾਂ ਦਾ ਢਾਂਚਾ ਮੁੜ ਤੋਂ ਸੋਧਿਆ ਜਾ ਸਕਦਾ ਹੈ। ਬਾਗਬਾਨ ਅਜਿਹੇ ਬਾਗਾਂ ਤੋਂ ਲੰਮੀ ਮਿਆਦ ਲਈ ਨਿਯਮਤ ਆਮਦਨ ਪ੍ਰਾਪਤ ਕਰ ਸਕਦੇ ਹਨ। ਫਲ ਦੇ ਰੁੱਖਾਂ ਦੀ ਫਲ ਦੇਣ ਦੀ ਸਮਰੱਥਾ ਇਸ ਦੇ ਢਾਂਚੇ, ਛਤਰੀ ਦੇ ਫਲਾਅ, ਅਤੇ ਪ੍ਰਕਾਸ਼-ਸੰਸਲੇਸ਼ਣ ਪ੍ਰਕਿਰਿਆ ਕਰਨ ਦੀ ਕਾਰਜਕੁਸ਼ਲਤਾ ’ਤੇ ਨਿਰਭਰ ਕਰਦੀ ਹੈ। ਇਸ ਲਈ ਕਾਂਟ-ਛਾਂਟ ਰਾਹੀਂ ਰੁੱਖਾਂ ਨੂੰ ਪੁਨਰ ਸੁਰਜੀਤ ਸਭ ਤੋਂ ਵਧੀਆ ਵਿਕਲਪ ਹੋ ਸਕਦਾ ਹੈ। ਇਹ ਤਕਨਾਲੋਜੀ ਨਾਲ ਨਾ ਸਿਰਫ ਪੁਰਾਣੇ ਰੁੱਖਾਂ ਦੀ ਉਤਪਾਦਕਤਾ ਨੂੰ ਬਹਾਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਛਤਰੀ ਦੇ ਜ਼ਿਆਦਾ ਵਾਧੂ ਫੈਲਾਅ ਕੱਟਣ ਨਾਲ ਯੋਗ ਧੁੱਪ ਅਤੇ ਹਵਾ ਰੁਖ ਦੇ ਅੰਦਰੂਨੀ ਹਿੱਸੇ ਤੱਕ ਪਹੁੰਚਦੀ ਹੈ ਅਤੇ ਜ਼ਿਆਦਾ ਫੁੱਲ-ਫਲਾਕਾ ਅਤੇ ਚੰਗਾ ਝਾੜ ਪ੍ਰਾਪਤ ਹੁੰਦਾ ਹੈ। ਨਵਿਆਏ ਦਰੱਖਤ ਚੰਗਾ ਝਾੜ ਦੇਣ ਲੱਗ ਜਾਂਦੇ ਹਨ ਅਤੇ ਫਲਾਂ ਦੇ ਅਕਾਰ ਅਤੇ ਗੁਣਵੱਤਾ ਵਿੱਚ ਵੀ ਚੋਖਾ ਵਾਧਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਦਰੱਖਤਾਂ ਦੀ ਛਤਰੀ ਵੀ ਕਾਫੀ ਛੋਟੀ ਹੋ ਜਾਂਦੀ ਹੈ ਜਿਸ ਨਾਲ ਇਹਨਾਂ ਦੀ ਸਾਂਭ-ਸੰਭਾਲ,ਡਫਕਾਂਟ-ਛਾਂਟ, ਛਿੜਕਾਅ ਅਤੇ ਫਲਾਂ ਦੀ ਤੁੜਾਈ ਬਹੁਤ ਸੁਖਾਲੀ ਹੋ ਜਾਂਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਪੁਰਾਣੇ ਬਾਗਾਂ ਦੀ ਉਤਪਾਦਨ ਸਮਰੱਥਾ ਨੂੰ ਬਹਾਲ ਕਰਨ ਲਈ ਤਕਨੀਕਾਂ ਤਿਆਰ ਕੀਤੀਆਂ ਹਨ ਜਿਨ੍ਹਾਂ ਦਾ ਵਿਸਥਾਰ ਹੇਠ ਲਿਖੇ ਅਨੁਸਾਰ ਹੈ:

**ਸੁੱਕੀਆਂ ਟਾਹਣੀਆਂ ਕੱਟ ਦੇਣੀਆਂ ਚਾਹੀਦੀਆਂ ਹਨ ਅਤੇ 2:2:250 ਬੋਰਡੋ ਮਿਸ਼ਰਣ ਦਾ ਛਿੜਕਾਅ ਕਰ ਦੇਣਾ ਚਾਹੀਦਾ ਹੈ। ਟੱਕਾਂ ਅਤੇ ਤਣੇ ਉੱਪਰ ਬੋਰਡੋ ਪੇਂਟ ਲਗਾ ਦੇਣੀ ਚਾਹੀਦੀ ਹੈ। ਇੱਕ ਹਫ਼ਤੇ ਪਿੱਛੋਂ ਤਣਿਆਂ ’ਤੇ ਵੀ ਬੋਰਡੋ ਪੇਸਟ ਲਗਾ ਦੇਣੀ ਚਾਹੀਦੀ ਹੈ। ਸਿਫ਼ਾਰਿਸ਼ ਕੀਤੀ ਮਾਤਰਾ ਅਨੁਸਾਰ ਖਾਦਾਂ ਪਾਉਣੀਆਂ ਚਾਹੀਦੀਆਂ ਹਨ ਅਤੇ ਬੂਟੇ ਨੂੰ ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਸੁਰੱਖਿਆ ਲਈ ਸਿਫ਼ਾਰਸ਼ ਕੀਤੇ ਛਿੜਕਾਅ ਕਰਨੇ**

**ਨਿੰਬੂ ਜਾਤੀ ਦੇ ਬਾਗਾਂ ਨੂੰ ਸੁਰਜੀਤ ਕਰਨ ਦੇ ਢੰਗ**: ਸੁੱਕੇ ਅਤੇ ਮਰ ਰਹੇ ਬੂਟਿਆਂ ਦੀਆਂ ਜਨਵਰੀ ਤੋਂ ਫਰਵਰੀ ਵਿੱਚ ਪੱਤੇ ਫੁੱਟਣ ਤੋਂ ਪਹਿਲਾਂ ਸੁੱਕੀਆਂ ਟਾਹਣੀਆਂ ਕੱਟ ਦੇਣੀਆਂ ਚਾਹੀਦੀਆਂ ਹਨ ਅਤੇ 2:2:250 ਬੋਰਡੋ ਮਿਸ਼ਰਣ ਦਾ ਛਿੜਕਾਅ ਕਰ ਦੇਣਾ ਚਾਹੀਦਾ ਹੈ। ਟੱਕਾਂ ਅਤੇ ਤਣੇ ਉੱਪਰ ਬੋਰਡੋ ਪੇਂਟ ਲਗਾ ਦੇਣੀ ਚਾਹੀਦੀ ਹੈ। ਇੱਕ ਹਫਤੇ ਪਿੱਛੋਂ ਤਣਿਆਂ ’ਤੇ ਵੀ ਬੋਰਡੋ ਪੇਸਟ ਲਗਾ ਦੇਣੀ ਚਾਹੀਦੀ ਹੈ। ਸਿਫ਼ਾਰਿਸ਼ ਕੀਤੀ ਮਾਤਰਾ ਅਨੁਸਾਰ ਖਾਦਾਂ ਪਾਉਣੀਆਂ ਚਾਹੀਦੀਆਂ ਹਨ ਅਤੇ ਬੂਟੇ ਨੂੰ ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਸੁਰੱਖਿਆ ਲਈ ਸਿਫ਼ਾਰਸ਼ ਕੀਤੇ ਛਿੜਕਾਅ ਕਰਨੇ ਚਾਹੀਦੇ ਹਨ। ਅਪ੍ਰੈਲ, ਜੂਨ ਅਤੇ ਸਤੰਬਰ ਵਿੱਚ ਨਵੀਂ ਫੋਟ ’ਤੇ ਜਦੋਂ ਪੱਤਿਆਂ ਦਾ ਆਕਾਰ 2/3 ਹੋ ਗਿਆ ਹੋਵੇ, ਡੇਢ ਕਿਲੋ ਜ਼ਿੰਕ ਸਲਫ਼ੇਟ 500 ਲਿਟਰ ਪਾਣੀ ਵਿੱਚ ਘੋਲ ਕੇ ਅਤੇ ਬੋਰਡੋ ਮਿਸ਼ਰਣ ਦਾ ਛਿੜਕਾਅ ਕਰੋ। ਦੋਵਾਂ ਛਿੜਕਾਵਾਂ ਵਿੱਚ ਘੱਟੋ-ਘੱਟ ਇੱਕ ਹਫ਼ਤੇ ਦਾ ਫ਼ਰਕ ਜ਼ਰੂਰ ਰੱਖੋ। ਜਿਹੜੇ ਬੂਟੇ ਬਹੁਤ ਉੱਚੇ ਚਲੇ ਗਏ ਹੋਣ, ਉਨ੍ਹਾਂ ਵਿੱਚ ਸਿਰਫ਼ ਸਿਰਿਆਂ ’ਤੇ ਹੀ ਫ਼ਲ ਲੱਗਦਾ ਹੈ ਅਤੇ ਵਿਚਕਾਰੋਂ ਸਾਰਾ ਖਾਲੀ ਰਹਿ ਜਾਂਦਾ ਹੈ। ਇਸ ਸਮੇਂ ਅੱਧ ਜੁਲਾਈ ਵਿੱਚ ਬੂਟੇ ਨੂੰ ਦੂਸਰੇ ਦਰਜੇ ਦੀਆਂ ਟਾਹਣੀਆਂ ਥੋੜ੍ਹੀਆਂ ਰੱਖ ਕੇ ਉੱਪਰੋਂ ਕੱਟ ਦਿਉ। ਇਸ ਤਰ੍ਹਾਂ ਦੁਬਾਰਾ ਬੂਟੇ ਵਿੱਚ ਚੰਗੀ ਫੁਟਾਰ ਆਵੇਗੀ ਅਤੇ ਫਲ ਵੀ ਵਧੇਗਾ।

**ਅਮਰੂਦਾਂ ਦੇ ਪੁਰਾਣੇ ਬੂਟਿਆਂ ਨੂੰ ਨਰੋਆ ਕਰਨਾ**: ਅਮਰੂਦਾਂ ਦੇ ਪੁਰਾਣੇ ਘੱਟ ਝਾੜ ਦੇਣ ਵਾਲੇ ਅਤੇ ਅਣਗੌਲੀ, ਉੱਚੀ ਛਤਰੀ ਵਾਲੇ ਦਰਖਤਾਂ ਨੂੰ ਮਾਰਚ ਦੇ ਮਹੀਨੇ ਜ਼ਮੀਨ ਤੋਂ ਤਕਰੀਬਨ 1.5 ਮੀਟਰ ਉਚਾਈ ਤੋਂ ਕੱਟ ਦੇਣਾ ਚਾਹੀਦਾ ਹੈ ਅਤੇ ਕੱਟੇ ਹੋਏ ਤਣਿਆਂ ’ਤੇ ਬੋਰਡੋ ਪੇਸਟ ਲਗਾ ਦੇਣਾ ਚਾਹੀਦਾ ਹੈ। ਇਸ ਤਰੀਕੇ ਨਾਲ ਕੱਟੇ ਹੋਏ ਤਣਿਆਂ ਦੁਆਲੇ ਨਵੀਆਂ ਸ਼ਖਾਵਾਂ ਨਿੱਕਲ ਆਉਂਦੀਆਂ ਹਨ। ਅਗਸਤ ਦੇ ਮਹੀਨੇ ਨਵੀਆਂ ਫੁੱਟੀਆਂ ਸ਼ਖਾਵਾਂ ਨੂੰ ਅੱਧ ਵਿਚਕਾਰੋਂ ਕੱਟ ਦੇਣਾ ਚਾਹੀਦਾ ਹੈ ਅਤੇ ਸੰਘਣੀਆਂ ਅਤੇ ਆਪਸ ਵਿੱਚ ਫਸਦੀਆਂ ਟਹਿਣੀਆਂ ਨੂੰ ਕੱਢ ਦੇਣਾ ਚਾਹੀਦਾ ਹੈ। ਇਸ ਤਰੀਕੇ ਨਾਲ ਕੱਟੀਆਂ ਸ਼ਖਾਵਾਂ ਵਿੱਚੋਂ ਹੋਰ ਨਵੀਆਂ ਸ਼ਾਖਾਵਾਂ ਨਿੱਕਲ ਆਉਂਦੀਆਂ ਹਨ। ਇਹਨਾਂ ਸ਼ਾਖਾਵਾਂ ’ਤੇ ਸਿਆਲੂ ਰੁੱਤ ਦੀ ਫਸਲ ਲਈ ਫੁੱਲ ਅਤੇ ਫਲ ਲੱਗਣੇ ਸ਼ੁਰੂ ਹੋ ਜਾਂਦੇ ਹਨ। ਨਵੀਨੀਕਰਨ ਕੀਤੇ ਗਏ ਦਰੱਖਤਾਂ ਦੀ ਸਿੰਚਾਈ ਅਤੇ ਖਾਦ ਪ੍ਰਬੰਧ ਵੱਲੋਂ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

**ਅੰਬਾਂ ਦੇ ਪੁਰਾਣੇ ਬੂਟਿਆਂ ਨੂੰ ਨਵਾਂ ਨਰੋਆ ਕਰਨਾ**: ਅੰਬਾਂ ਦੇ 20-25 ਸਾਲ ਪੁਰਾਣੇ ਬੂਟੇ ਜਿਨ੍ਹਾਂ ਨੂੰ ਘੱਟ ਫ਼ਲ ਲੱਗਦਾ ਹੋਵੇ, ਦੀ ਕਾਂਟ-ਛਾਂਟ ਕਰ ਦੇਣੀ ਚਾਹੀਦੀ ਹੈ। ਜਨਵਰੀ ਦੇ ਮਹੀਨੇ ਪੁਰਾਣੇ ਬੂਟਿਆਂ ਦੀਆਂ ਪ੍ਰਮੁੱਖ 3-4 ਟਾਹਣੀਆਂ ਨੂੰ, ਜੋ ਕਿ ਕਾਫੀ ਵਿੱਥ ’ਤੇ ਹੋਣ, 15 ਸੈਂਟੀਮੀਟਰ ਲੰਬਾਈ ਰੱਖ ਕੇ ਕੱਟ ਦਿਉ। ਬਾਕੀ ਦੇ ਸਾਰੇ ਟਾਹਣੇ ਕੱਟ ਦਿਉ। ਕੱਟੇ ਹੋਏ ਥਾਵਾਂ ’ਤੇ ਬੋਰਡੋ ਪੇਂਟ ਲਗਾ ਦਿਉ। ਮਾਰਚ ਦੇ ਮਹੀਨੇ ਵਿੱਚ ਇਨ੍ਹਾਂ ਕੱਟੀਆਂ ਹੋਈਆਂ ਟਾਹਣੀਆਂ ਉੱਤੇ ਕਾਫ਼ੀ ਨਵੀਆਂ ਸ਼ਾਖਾਵਾਂ ਆ ਜਾਂਦੀਆਂ ਹਨ। ਮਈ ਦੇ ਮਹੀਨੇ ਇਨ੍ਹਾਂ 3-4 ਟਾਹਣੀਆਂ ਉੱਤੇ 1-2 ਬਾਹਰ ਵੱਲ ਨੂੰ ਵੱਧ ਰਹੀਆਂ ਟਾਹਣੀਆਂ ਰੱਖ ਲਉ। ਇਸ ਤਰ੍ਹਾਂ ਹਰ ਬੂਟੇ ’ਤੇ ਕੁੱਲ 6-8 ਟਾਹਣੀਆਂ ਰਹਿ ਜਾਣਗੀਆਂ। ਇਸ ਤਰ੍ਹਾਂ ਦੇ ਬੂਟੇ ਤੀਜੇ ਸਾਲ ਫ਼ਲ ਦੇਣ ਲੱਗ ਪੈਂਦੇ ਹਨ ਅਤੇ ਪੰਜਵੇਂ ਸਾਲ ਭਰਵਾਂ ਫ਼ਲ ਦਿੰਦੇ ਹਨ।

**ਨਾਸ਼ਪਾਤੀ ਦੇ ਪੁਰਾਣੇ ਬੂਟਿਆਂ ਨੂੰ ਨਰੋਆ ਕਰਨਾ**: ਪੁਰਾਣੇ ਬੂਟੇ ਜਿਨ੍ਹਾਂ ਨੂੰ ਘੱਟ ਫਲ ਲੱਗਦਾ ਹੋਵੇ, ਦੀ ਕਾਂਟ-ਛਾਂਟ ਕਰ ਦੇਣੀ ਚਾਹੀਦੀ ਹੈ। ਦਸੰਬਰ ਦੇ ਮਹੀਨੇ ਪੁਰਾਣੇ ਬੂਟਿਆਂ ਦੀਆਂ ਪ੍ਰਮੁੱਖ 3-4 ਟਾਹਣੀਆਂ ਨੂੰ, ਜੋ ਕਿ ਕਾਫੀ ਵਿੱਥ ’ਤੇ ਹੋਣ, 15 ਸੈਂਟੀਮੀਟਰ ਲੰਬਾਈ ਰੱਖ ਕੇ ਕੱਟ ਦਿਉ। ਬਾਕੀ ਦੇ ਸਾਰੇ ਟਾਹਣੇ ਕੱਟ ਦਿਉ। ਕੱਟੇ ਹੋਏ ਥਾਵਾਂ ’ਤੇ ਬੋਰਡੋ ਪੇਂਟ ਲਾ ਦਿਉ। ਮਾਰਚ ਦੇ ਮਹੀਨੇ ਵਿੱਚ ਇਨ੍ਹਾਂ ਕੱਟੀਆਂ ਹੋਈਆਂ ਟਾਹਣੀਆਂ ਉੱਤੇ ਕਾਫ਼ੀ ਨਵੀਆਂ ਸ਼ਾਖਾਵਾਂ ਆ ਜਾਂਦੀਆਂ ਹਨ। ਮਈ ਦੇ ਮਹੀਨੇ ਇਨ੍ਹਾਂ 3-4 ਟਾਹਣੀਆਂ ਉੱਤੇ 1-2 ਬਾਹਰ ਵੱਲ ਨੂੰ ਵਧ ਰਹੀਆਂ ਟਾਹਣੀਆਂ ਰੱਖ ਲਉ। ਇਸ ਤਰ੍ਹਾਂ ਹਰ ਬੂਟੇ ’ਤੇ ਕੁੱਲ 6-8 ਟਾਹਣੀਆਂ ਰਹਿ ਜਾਣਗੀਆਂ। ਇਸ ਤਰ੍ਹਾਂ ਦੇ ਬੂਟੇ ਤੀਜੇ ਸਾਲ ਫਲ ਦੇਣ ਲੱਗ ਪੈਂਦੇ ਹਨ ਅਤੇ ਪੰਜਵੇਂ ਸਾਲ ਭਰਵਾਂ ਫ਼ਲ ਦਿੰਦੇ ਹਨ।

**ਬੇਰ ਦੇ ਪੁਰਾਣੇ ਬੂਟਿਆਂ ਨੂੰ ਨਰੋਆ ਕਰਨਾ**: 25 ਸਾਲਾਂ ਦੀ ਉਮਰ ਦੇ ਬਾਅਦ ਬੇਰਾਂ ਦੇ ਬੂਟਿਆਂ ਨੂੰ ਨਰੋਆ ਕਰਨ ਦੀ ਲੋੜ ਪੈਂਦੀ ਹੈ। ਬੇਰ ਦੇ ਦੱਰਖਤਾਂ ਦੀ ਹਰ ਵਰ੍ਹੇ ਜੇਕਰ ਕਾਂਟ-ਛਾਂਟ ਠੀਕ ਨਾ ਕੀਤੀ ਜਾਵੇ ਤਾਂ ਕੁੱਝ ਵਰ੍ਹਿਆਂ ਲਈ ਫਸਲ ਦੇਣ ਤੋਂ ਬਾਅਦ ਉਨ੍ਹਾਂ ਦੇ ਫ਼ਲ ਛੋਟੇ ਅਤੇ ਪੈਦਾਵਾਰ ਘੱਟ ਹੋ ਜਾਂਦੀ ਹੈ। ਅਜਿਹੇ ਦੱਰਖਤ ਕਾਂਟ-ਛਾਂਟ ਕਰਕੇ ਮੁੜ ਸੁਰਜੀਤ ਕੀਤੇ ਜਾ ਸਕਦੇ ਹਨ। ਇਸ ਵਾਸਤੇ ਮੁੱਖ ਟਾਹਣੀਆਂ ਨੂੰ 30 ਸੈਂਟੀਮੀਟਰ ਰੱਖ ਕੇ, ਕਟਾਈ ਮਈ ਦੇ ਦੂਜੇ ਪੰਦਰਵਾੜੇ ਦੌਰਾਨ ਕਰੋ। ਕਾਂਟ ਛਾਂਟ ਤੋਂ ਬਾਅਦ ਦਰੱਖਤਾਂ ’ਤੇ (0.2 ਫੀਸਦੀ) ਕੈਪਟਾਨ ਦਾ ਛਿੜਕਾਅ ਕਰਨਾ ਚਾਹੀਦਾ ਹੈ। ਜੁਲਾਈ ਵਿੱਚ ਵਰਖਾ ਸ਼ੁਰੂ ਹੋਣ ਦੇ ਨਾਲ ਨਾਈਟ੍ਰੋਜਨ ਖਾਦ ਦੀ ਇੱਕ ਤਕੜੀ ਖੁਰਾਕ ਤਕਰੀਬਨ ਇੱਕ ਕਿਲੋ ਖਾਲਸ ਨਾਈਟ੍ਰੋਜਨ 12-15 ਸਾਲ ਪੁਰਾਣੇ ਰੁੱਖਾਂ ਨੂੰ ਦੇਣੀ ਚਾਹੀਦੀ ਹੈ ਦਰੱਖਤਾਂ ਨੂੰ ਫੁੱਲ ਨਿੱਕਲਣ ਤੋਂ ਪਹਿਲਾਂ ਅਗਸਤ-ਸਤੰਬਰ ਵਿੱਚ 0.05 ਫੀਸਦੀ ਕੈਰਾਥੇਨ ਦਾ ਦੋ-ਤਿੰਨ ਵਾਰੀ ਛਿੜਕਾਅ ਕਰਨਾ ਚਾਹੀਦਾ ਹੈ। ਕਾਂਟ-ਛਾਂਟ ਦੇ ਮੁਤਾਬਿਕ ਪਹਿਲੇ ਸਾਲ ਭਾਵੇਂ 30-50 ਫੀਸਦੀ ਝਾੜ ਘਟੇਗਾ ਪਰ ਅਗਲੇ ਸਾਲਾਂ ਵਿੱਚ ਦਰੱਖਤ ਫਿਰ ਪੂਰਾ ਝਾੜ ਅਤੇ ਚੰਗੇ ਫ਼ਲ ਦੇਣਾ ਸ਼ੁਰੂ ਕਰ ਦੇਣਗੇ। ਇਹ ਬੂਟੇ ਤੀਜੇ ਸਾਲ ’ਤੇ ਵਪਾਰਕ ਪੱਧਰ ਦੀ ਵੱਧ ਝਾੜ ਦੇਣ ਵਾਲੀ ਫ਼ਸਲ ਅਤੇ ਚੰਗੇ ਗੁਣਾਂ ਵਾਲੇ ਫ਼ਲ ਦੇਣਾ ਸ਼ੁਰੂ ਕਰ ਦਿੰਦੇ ਹਨ।

**ਅੰਗੂਰਾਂ ਦੀਆਂ ਪੁਰਾਣੀਆਂ ਵੇਲਾਂ ਨੂੰ ਮੁੜ ਸੁਰਜੀਤ ਕਰਨਾ**: ਬਾਵਰ ਢੰਗ ’ਤੇ ਵਿਕਸਿਤ ਕੀਤੀਆਂ ‘ਪਰਲਿਟ’ ਦੀਆਂ ਪੁਰਾਣੀਆਂ ਵੇਲਾਂ ਦਾ ਨਵੀਨੀਕਰਨ ਜਾਂ ਮੁੜ ਸੁਰਜੀਤ ਸਫ਼ਲਤਾ ਪੂਰਵਕ ਕੀਤਾ ਜਾ ਸਕਦਾ ਹੈ। ਪਰਲਿਟ ਕਿਸਮ ਦੀਆਂ ਵੇਲਾਂ ਜਿੱਥੋਂ ਮੁੱਢਲੀਆਂ ਟਹਿਣੀਆਂ ਸ਼ੁਰੂ ਹੋਣ ਤੋਂ ਇੱਕ ਫੁੱਟ ਛੱਡ ਕੇ ਦਸੰਬਰ-ਜਨਵਰੀ ਵਿੱਚ ਕੱਟ ਦਿਉ। ਬੋਰਡੋ ਪੇਸਟ ਦਾ ਲੇਪ ਇਹਨਾਂ ਕੱਟੇ ਮੁੱਢਾਂ ’ਤੇ ਜ਼ਰੂਰ ਲਗਾਉ। ਕੇਵਲ ਸਿਹਤਮੰਦ ਵੇਲਾਂ ਦਾ ਹੀ ਨਵੀਨੀਕਰਨ ਕਰਨਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿੱਚ ਖਰਾਬ ਵੇਲਾਂ ਜਿਹਨਾਂ ਦਾ ਤਣਾ ਖਾਲੀ ਹੋਵੇ, ਜਾਂ ਸਿਉਂਕ ਦਾ ਖਾਧਾ ਹੋਵੇ ਨੂੰ ਪੁੱਟ ਦੇਣਾ ਚਾਹੀਦਾ ਹੈ। ਫੁਟਾਰ ਆਉਣ ਦੇ ਨਾਲ, ਮਾਰਚ ਵਿੱਚ ਅੱਖਾਂ ਦਾ ਫੁਟਾਰਾ ਸ਼ੁਰੂ ਹੋ ਜਾਂਦਾ ਹੈ ਅਤੇ ਇੱਕ ਫੁੱਟ ਰੱਖੇ ਮੁੱਢਾਂ ਉੱਪਰ ਨਵੀਆਂ ਪੁੰਗਾਰਾਂ ਸ਼ੁਰੂ ਹੋ ਜਾਂਦੀਆਂ ਹਨ। ਇਸ ਫੁਟਾਰੇ ਨੂੰ ਕਿਸੇ ਰੋਕ-ਟੋਕ ਤੋਂ ਬਿਨਾਂ ਸਾਰਾ ਸਾਲ ਵਧਣ ਦੇਣਾ ਚਾਹੀਦਾ ਹੈ। ਕੀਟ ਅਤੇ ਬਿਮਾਰੀ ਪ੍ਰਬੰਧ ਲਈ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਤਕਨੀਕਾਂ ਨੂੰ ਅਪਣਾਉ। ਮੁੱਢਲੇ ਤੌਰ ’ਤੇ ਨਵੀਂਆਂ ਟਹਿਣੀਆਂ ਨੂੰ ‘ਐਨਥਰੈਕਨੋਜ’ (ਟਹਾਣੀਆਂ ਸੁੱਕਣ ਦਾ ਰੋਗ) ਬਿਮਾਰੀ ਤੋਂ ਬਚਾਉਣ ਲਈ ‘ਬੋਰਡੋ ਮਿਸ਼ਰਣ’ ਅਤੇ ‘ਬਾਵਿਸਟਿਨ’ 50 ਘੁਲਣਸ਼ੀਲ 1 ਗ੍ਰਾਮ/ਪ੍ਰਤੀ ਲਿਟਰ ਪਾਣੀ ਦਾ ਛਿੜਕਾਅ ਅਦਲ-ਬਦਲ ਕੇ ਮਾਰਚ, ਅਪ੍ਰੈਲ ਅਤੇ ਮਈ ਵਿੱਚ ਕਰਨਾ ਚਾਹੀਦਾ ਹੈ। ਜੁਲਾਈ, ਅਗਸਤ ਅਤੇ ਸਤੰਬਰ ਵਿੱਚ ਸਕੋਰ 25 ਈ.ਸੀ. 1 ਗ੍ਰਾਮ ਪ੍ਰਤੀ ਲੀਟਰ ਪਾਣੀ ਦਾ ਛਿੜਕਾਅ ਬੋਰਡੋ ਮਿਸ਼ਰਣ ਕਰਨ ਨਾਲ ਨਵੇਂ ਫੁਟਾਰੇ ਨੂੰ ਸਹਿਤਮੰਦ ਰੱਖਿਆ ਜਾ ਸਕਦਾ ਹੈ।



# ਰਵਾਇਤ ਤੋਂ ਹਟਵੇਂ ਕਿਰਦਾਰ ਨਿਭਾਉਣਾ ਚਾਹੁੰਦੀ ਹੈ ਸੁਸ਼ਮਿਤਾ ਸੇਨ



ਬੌਲੀਵੁੱਡ ਅਦਾਕਾਰਾ ਸੁਸ਼ਮਿਤਾ ਸੇਨ ਨੇ ਦੱਸਿਆ ਕਿ ਉਹ ਆਪਣੀ ਦੂਜੀ ਪਾਰੀ ਵਿੱਚ ਪਹਿਲਾਂ ਨਾਲੋਂ ਹਟਵੇਂ ਕਿਰਦਾਰ ਨਿਭਾਉਣਾ ਚਾਹੁੰਦੀ ਹੈ। ਸਟ੍ਰੀਮਿੰਗ ਸ਼ੋਅ 'ਆਰੀਆ' ਦੇ ਤੀਜੇ ਸੀਜ਼ਨ ਵਿੱਚ ਆਰੀਆ ਸਰੀਨ ਦੇ ਰੂਪ ਵਿੱਚ ਵਾਪਸੀ ਕਰਨ ਵਾਲੀ ਸੁਸ਼ਮਿਤਾ ਸੇਨ ਨੇ ਕਿਹਾ ਕਿ ਉਸ ਨੇ ਦੋ ਵੈੱਬ ਸੀਰੀਜ਼ 'ਆਰੀਆ' ਅਤੇ 'ਤਾਲੀ' ਵਿਚ ਕੰਮ ਕੀਤਾ ਹੈ ਜੋ ਉਸ ਦੇ ਕੰਮ ਦੀ ਸਿਰਫ ਸ਼ੁਰੂਆਤ ਹੈ ਤੇ ਉਹ ਹੁਣ ਰਵਾਇਤ ਤੋਂ ਹਟ ਕੇ ਵੱਖਰੇ ਰੋਲ ਕਰਨਾ ਚਾਹੁੰਦੀ ਹੈ। ਵੈੱਬ ਸੀਰੀਜ਼ ਦੇ ਟਰੇਲਰ ਦੇ ਰਿਲੀਜ਼ ਮੌਕੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਅਦਾਕਾਰਾ ਨੇ ਦੱਸਿਆ ਕਿ ਉਸ ਕੋਲ ਫਿਲਮਾਂ, ਸ਼ੈਲੀ ਅਤੇ ਭੂਮਿਕਾਵਾਂ ਦੀ ਲੰਮੀ ਸੂਚੀ ਹੈ ਤੇ ਉਹ ਅਜਿਹੀਆਂ ਫਿਲਮਾਂ ਕਰਨਾ ਚਾਹੁੰਦੀ ਹੈ। ਸੁਸ਼ਮਿਤਾ ਨੇ ਦੱਸਿਆ, 'ਅਭੀ ਤੋ ਬਸ ਸ਼ੁਰੂਆਤ ਹੂਈ ਹੈ।' ਉਸ ਨੇ ਕਿਹਾ ਕਿ ਦੂਜੀ ਪਾਰੀ ਹਰ ਕਲਾਕਾਰ ਲਈ ਹੈਰਾਨੀਜਨਕ ਹੁੰਦੀ ਹੈ। ਜ਼ਿਕਰਯੋਗ ਹੈ ਕਿ 'ਆਰੀਆ 3' ਤਿੰਨ ਨਵੰਬਰ ਤੋਂ ਡਿਜ਼ਨੀ+ਹੌਟਸਟਾਰ 'ਤੇ ਦਿਖਾਈ ਜਾਵੇਗੀ।

# ਪਿਤਾ ਰਿਸ਼ੀ ਕਪੂਰ ਨਾਲ ਹੋਣ ਲੱਗੀ ਰਣਬੀਰ ਕਪੂਰ ਦੀ ਤੁਲਨਾ ! ਆਖਿਰ ਨੈਸ਼ਨਲ ਐਵਾਰਡ 'ਚ ਅਜਿਹਾ ਕੀ ਕਰ ਦਿੱਤਾ ?



ਬਾਲੀਵੁੱਡ ਅਦਾਕਾਰਾ ਆਲੀਆ ਭੱਟ ਨੂੰ ਫ਼ਿਲਮ 'ਗੰਗੂਬਾਈ ਕਾਠੀਆਵਾੜੀ' ਲਈ ਸਰਵੋਤਮ ਅਦਾਕਾਰਾ ਦਾ ਰਾਸ਼ਟਰੀ ਪੁਰਸਕਾਰ ਮਿਲਿਆ ਹੈ। ਇਸ ਨੂੰ ਲੈਣ ਲਈ ਉਹ ਆਪਣੇ ਪਤੀ ਰਣਬੀਰ ਕਪੂਰ ਨਾਲ ਦਿੱਲੀ ਦੇ ਵਿਗਿਆਨ ਭਵਨ ਪਹੁੰਚੀ। ਦੋਵੇਂ ਆਪਣੀਆਂ ਸੀਟਾਂ 'ਤੇ ਬੈਠੇ ਸਨ ਤੇ ਉਨ੍ਹਾਂ ਦੇ ਨਾਲ ਵਾਲੀ ਕੁਰਸੀ 'ਤੇ ਮਸ਼ਹੂਰ ਅਦਾਕਾਰਾ ਵਹੀਦਾ ਰਹਿਮਾਨ ਸੀ। ਪਾਪਾਰਾਜ਼ੀ ਵਲੋਂ ਇੰਨੀ ਧੱਕਾ-ਮੁੱਕੀ ਹੋ ਰਹੀ ਸੀ ਕਿ ਆਖਿਰਕਾਰ ਰਣਬੀਰ ਨੂੰ ਵਿਚਾਲੇ ਟੋਕਣਾ ਹੀ ਪਿਆ। ਉਨ੍ਹਾਂ ਦੀ ਵੀਡੀਓ ਵਾਇਰਲ ਹੋ ਰਹੀ ਹੈ, ਜਿਸ 'ਤੇ ਲੋਕ ਟਿੱਪਣੀ ਕਰ ਰਹੇ ਹਨ ਤੇ ਮਰਹੂਮ ਅਦਾਕਾਰ ਤੇ ਉਨ੍ਹਾਂ ਦੇ ਪਿਤਾ ਰਿਸ਼ੀ ਕਪੂਰ ਨਾਲ ਉਨ੍ਹਾਂ ਦੀ ਤੁਲਨਾ ਕਰ ਰਹੇ ਹਨ।

ਦਰਅਸਲ ਆਲੀਆ ਭੱਟ ਮੰਗਲਵਾਰ ਨੂੰ ਆਪਣਾ ਪਹਿਲਾ ਨੈਸ਼ਨਲ ਐਵਾਰਡ ਲੈਣ ਲਈ ਪਤੀ ਰਣਬੀਰ ਕਪੂਰ ਨਾਲ ਦਿੱਲੀ 'ਚ ਸੀ। ਉਹ ਦੂਜੀ ਕਤਾਰ 'ਚ ਬੈਠੀ ਸੀ ਤੇ ਵਹੀਦਾ ਰਹਿਮਾਨ ਮੂਹਰਲੀ ਕਤਾਰ 'ਚ। ਵਹੀਦਾ ਰਹਿਮਾਨ ਦੀਆਂ ਤਸਵੀਰਾਂ ਖਿੱਚਣ ਲਈ ਪਾਪਰਾਜ਼ੀ ਵਿਚਾਲੇ ਕਾਫੀ ਧੱਕਾ-ਮੁੱਕੀ ਹੋਈ। ਉਹ ਮੇਜ਼ ਨੂੰ ਵੀ ਧੱਕਾ ਦੇ ਰਹੇ ਸਨ, ਜਿਸ ਨਾਲ ਵਹੀਦਾ ਨੂੰ ਸੱਟ ਲੱਗ ਸਕਦੀ ਸੀ। ਇਸ ਤੋਂ ਬਾਅਦ ਰਣਬੀਰ ਦਿੱਗਜ ਅਦਾਕਾਰਾ ਲਈ ਖੜ੍ਹੇ ਹੋਏ ਤੇ ਪਾਪਾਰਾਜ਼ੀ ਨੂੰ ਧਿਆਨ ਦੇਣ ਲਈ ਕਿਹਾ। ਵਹੀਦਾ ਨੂੰ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਜਿਵੇਂ ਹੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਤਾਂ ਲੋਕਾਂ ਨੇ 'ਐਨੀਮਲ' ਅਦਾਕਾਰ ਦੀ ਤਾਰੀਫ਼ ਕਰਨੀ ਸ਼ੁਰੂ ਕਰ ਦਿੱਤੀ। ਇਕ ਪ੍ਰਸ਼ੰਸਕ ਨੇ ਟਿੱਪਣੀ ਕੀਤੀ, "ਇਸ ਨੂੰ ਪੇਰੈਂਟਿੰਗ ਕਹਿੰਦੇ ਹਨ।" ਇਕ ਹੋਰ ਨੇ ਉਨ੍ਹਾਂ ਦੀ ਤੁਲਨਾ ਪਿਤਾ ਰਿਸ਼ੀ ਕਪੂਰ ਨਾਲ ਕਰਦਿਆਂ ਲਿਖਿਆ, "ਉਨ੍ਹਾਂ ਦੇ ਪਿਤਾ ਜੋ ਕਰਦੇ ਸਨ, ਉਹ ਵੀ ਉਹੀ ਕਰ ਰਹੇ ਹਨ।" ਹਾਲਾਂਕਿ ਕੁਝ ਲੋਕਾਂ ਨੇ ਇਹ ਵੀ ਪੁੱਛਿਆ ਕਿ ਸਮਾਰੋਹ 'ਚ ਰਣਬੀਰ ਨੇ ਐਨਕਾਂ ਕਿਉਂ ਪਹਿਨੀਆਂ ਸਨ।

# ਸਾਰਾ ਨੇ ਆਪਣੀ ਮਾਂ ਨਾਲ ਲੰਡਨ ਵਿੱਚ ਬਿਤਾਈਆਂ ਛੁੱਟੀਆਂ

ਅਦਾਕਾਰਾ ਸਾਰਾ ਅਲੀ ਖਾਨ ਨੇ ਆਪਣੀ ਮਾਂ ਤੇ ਅਦਾਕਾਰਾ ਅੰਮ੍ਰਿਤਾ ਸਿੰਘ ਨਾਲ ਲੰਡਨ ਵਿੱਚ ਬਿਤਾਈਆਂ ਛੁੱਟੀਆਂ ਦੀਆਂ ਕੁਝ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਹਨ। ਸਾਰਾ ਨੇ ਤਸਵੀਰ ਦੀ ਕੈਪਸ਼ਨ ਲਿਖਦਿਆਂ ਆਖਿਆ, "ਵਲਾਇਤ ਵਿੱਚ ਖਲਨਾਇਕ ਕਦੇ ਕੰਮ ਤੇ ਕੌਫੀ ਕਦੇ ਵਜ਼ਨ ਘਟਾਉਣ ਲਈ ਮੇਰੇ ਚਮਕੀਲੇ ਰੰਗ ਮੌਜ-ਮਸਤੀ ਦਾ ਸਬੱਬ ਬਣ ਰਹੇ ਹਨ। ਮੈਂ ਤੇ ਮੇਰੀ ਮਾਂ ਸ਼ਹਿਰ ਨੂੰ ਹਮੇਸ਼ਾ ਲਾਲ ਰੰਗ 'ਚ ਦੇਖਣਾ ਚਾਹੁੰਦੇ ਹਾਂ। ਇਹ ਹੀ ਮੇਰੀ ਸੱਚੀ ਆਇਤ ਹੈ।" ਇੱਕ ਤਸਵੀਰ ਵਿੱਚ ਸਾਰਾ ਲੰਡਨ ਬ੍ਰਿਜ ਸਾਹਮਣੇ ਆਪਣੀ ਮਾਂ ਨਾਲ ਸੈਲਫੀ ਲੈ ਰਹੀ ਹੈ। ਉਸ ਨੇ ਹਲਕੇ ਪੀਲੇ ਰੰਗ ਦੀ ਪੁਸ਼ਾਕ ਪਹਨਿੀ ਹੋਈ ਹੈ ਅਤੇ ਚਿੱਟੇ ਰੰਗ ਦੀਆਂ ਧੁੱਪ ਵਾਲੀਆਂ ਐਨਕਾਂ ਲਾਈਆਂ



ਹੋਈਆਂ ਹਨ ਅਤੇ ਰੰਗ-ਬਿਰੰਗੀ ਟੋਪੀ ਲਈ ਹੋਈ ਹੈ। ਅੰਮ੍ਰਿਤਾ ਉਸ ਦੇ ਪਿੱਛੇ ਖੜ੍ਹੀ ਮੁਸਕਰਾਉਂਦੀਨਜ਼ਰ ਆ ਰਹੀ ਹੈ। ਉਸ ਨੇ ਪੀਲੇ ਰੰਗ ਦੀ ਸ਼ਰਟ ਪਹਨਿੀ ਹੋਈ ਹੈ। ਜਾਣਕਾਰੀ ਅਨੁਸਾਰ ਸਾਰਾ ਹਾਲ ਹੀ ਵਿੱਚ ਵਿੱਕੀ ਕੌਸ਼ਲ ਨਾਲ ਫ਼ਿਲਮ 'ਜ਼ਰਾ ਹਟਕੇ ਜ਼ਰਾ ਬਚਕੇ' ਵਿੱਚ ਨਜ਼ਰ ਆਈ ਸੀ। ਇਸ ਫ਼ਿਲਮ ਨੇ ਬਾਕਸ ਆਫਿਸ 'ਤੇ ਚੰਗੀ ਕਮਾਈ ਕੀਤੀ ਹੈ। ਸਾਰਾ ਅਨੁਰਾਗ ਬਾਸੂ ਦੀ ਫ਼ਿਲਮ 'ਮੈਟਰੋ ਇਨ ਡੀਨੋ' ਵਿੱਚ ਵੀ ਨਜ਼ਰ ਆਵੇਗੀ। ਇਸ ਵਿੱਚ ਆਦਿਤਿਆ ਰੌਏ ਕਪੂਰ, ਕੋਂਕਣਾ ਸੇਨ ਸ਼ਰਮਾ, ਪੰਕਜ ਤ੍ਰਿਪਾਠੀ, ਫਾਤਿਮਾ ਸਨਾ ਸ਼ੇਖ, ਅਨੁਪਮ ਖੇਰ, ਅਲੀ ਫਜ਼ਲ ਅਤੇ ਨੀਨਾ ਗੁਪਤਾ ਵੀ ਮੁੱਖ ਭੂਮਿਕਾਵਾਂ ਵਿੱਚ ਹਨ।



# ਦੀਪਿਕਾ ਨੇ 'ਸਿੰਘਮ ਅਗੇਨ' ਦੀ ਝਲਕ ਸਾਂਝੀ ਕੀਤੀ





ਅਦਾਕਾਰਾ ਦੀਪਿਕਾ ਪਾਦੂਕੋਨ, ਹਾਲ ਹੀ ਵਿੱਚ ਸ਼ਾਹਰੁਖ ਖਾਨ ਦੀ ਫ਼ਿਲਮ 'ਜਵਾਨ' ਵਿੱਚ ਨਜ਼ਰ ਆਈ ਸੀ। ਉਸ ਨੇ ਇੰਸਟਗ੍ਰਾਮ 'ਤੇ ਆਉਣ ਵਾਲੀ ਫ਼ਿਲਮ 'ਸਿੰਘਮ ਅਗੇਨ' ਬਾਰੇ ਦੱਸਿਆ ਹੈ। ਉਹ ਫ਼ਿਲਮ ਵਿੱਚ ਸ਼ਕਤੀ ਸ਼ੈਟੀ ਦੀ ਸਿਪਾਹੀ ਵਾਲੀ ਭੂਮਿਕਾ ਵਿੱਚ ਨਜ਼ਰ ਆਵੇਗੀ। ਅਦਾਕਾਰਾ ਨੇ ਆਪਣੇ ਇੰਸਟਾਗ੍ਰਾਮ 'ਤੇ ਫ਼ਿਲਮ ਦੀਆਂ ਦੋ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਪਹਿਲੀ ਤਸਵੀਰ ਵਿੱਚ ਦਿਖਾਇਆ ਗਿਆ ਹੈ ਕਿ ਅਦਾਕਾਰਾ ਨੇ ਇੱਕ ਵਿਅਕਤੀ ਨੂੰ ਵਾਲਾਂ ਤੋਂ ਫੜਿਆ ਹੋਇਆ ਹੈ, ਜੋ ਉਸ ਦੇ ਪੈਰਾਂ ਵਿੱਚ ਪਿਆ ਹੈ। ਉਸ ਵਿਅਕਤੀ ਦੇ ਮੂੰਹ ਕੋਲ ਬੰਦੂਕ ਕਰਦੇ ਹੋਏ ਅਦਾਕਾਰਾ ਆਪਣੇ ਚਿਹਰੇ 'ਤੇ ਹਾਸਾ ਬਿਖੇਰਦੀ ਹੋਈ ਦਿਸਦੀ ਹੈ। ਦੂਜੀ ਤਸਵੀਰ ਵਿੱਚ ਦੀਪਿਕਾ ਆਪਣੇ ਮੱਥੇ 'ਤੇ ਬੰਦੂਕ ਦੀ ਬੈਰਲ ਰੱਖ ਕੇ ਹੱਸ ਰਹੀ ਹੈ। ਉਸ ਨੂੰ ਆਪਣੇ ਹੱਥਾਂ 'ਤੇ ਪੱਟੀਆਂ ਬੰਨ੍ਹੀਆਂ ਹੋਈਆਂ ਵੀ ਦੇਖਿਆ ਜਾ ਸਕਦਾ ਹੈ। ਫ਼ਿਲਮ ਵਿੱਚ ਅਕਸ਼ੈ ਕੁਮਾਰ, ਅਜੈ ਦੇਵਗਨ ਆਦਿ ਹਨ।



# ਇਲੈਕਟ੍ਰੋਹੋਮਿਓਪੈਥੀ ਤੇ ਹੋਮਿਓਪੈਥੀ ਵਿੱਚ ਅੰਤਰ

ਇਲੈਕਟ੍ਰੋਹੋਮਿਓਪੈਥੀ: ਇਸ ਦਵਾਈ ਦੇ ਜਨਮ ਦਾਤਾ ਡਾਕਟਰ ਕਾਊਂਟ ਸੀਜਰ ਮੈਟੀ ਸਨ। ਉਨ੍ਹਾਂ ਨੇ ਇਸ ਪੈਥੀ ਦੀ ਖੋਜ 1865 ਕੀਤਾ ਸੀ। ਇਸ ਪੈਥੀ ਦਾ ਸਿਧਾਂਤ ਕੰਪਲੈਕਸਾ, ਕੰਪਲੈਕਸ ਅਤੇ ਕੁਰੰਚਰ ਹੈ। ਇਸ ਪੈਥੀ ਵਿੱਚ ਬਿਮਾਰੀ ਦਾ ਇਲਾਜ ਰੋਗੀ ਦੀ ਪ੍ਰਕਿਰਿਤੀ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਕੁਦਰਤੀ ਬਨਸਪਤੀ ਦੀਆਂ ਜੜੀਆਂ ਬੂਟੀਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਕਾਫ਼ੀ ਪੌਦਿਆਂ ਨੂੰ ਇਕੱਠੇ ਕਰ ਕੇ ਕੋਹਬੇਸਨ ਵਿਧੀ ਦੁਆਰਾ ਪੌਦਿਆਂ ਵਿੱਚੋਂ ਕੱਢੇ ਸਪਾਜੀਰਿਕ ਰਸ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਨੂੰ ਸ਼ੁੱਧ ਪਾਣੀ ਜਾਂ ਰੈਕਟੀਫਾਈਡ ਸਪਰਿਟ ਵਿੱਚ ਤਿਆਰ ਕੀਤਾ ਜਾਂਦਾ ਹੈ। ਇਨ੍ਹਾਂ ਦਵਾਈਆਂ ਨੂੰ ਸਪਾਜੀਰਿਕ ਰਸ ਤੋਂ ਡਿਲਿਊਸ਼ਨ ਦੀਆਂ ਵੱਖ ਵੱਖ ਤਾਕਤਾਂ ਜਿਵੇਂ ਪਹਿਲਾ, ਦੂਜਾ, ਤੀਸਰਾ, ਸੌਵਾਂ ਅਤੇ ਹਜ਼ਾਰਵਾਂ ਆਦਿ ਦੇ ਰੂਪ ਵਿੱਚ ਤਿਆਰ ਕੀਤਾ ਜਾਂਦਾ ਹੈ। ਇਸ ਪੈਥੀ ਦੀਆਂ ਦਵਾਈਆਂ ਧਨਾਤਮਿਕ ਜਾਂ ਰਿਣਾਤਮਿਕ ਡਲਿਊਸ਼ਨ ਵਿੱਚ ਬਿਮਾਰੀ ਦੇ ਧਨਾਤਮਿਕ ਜਾਂ ਗਿਮਾਤਮਿਕ ਅਨੁਸਾਰ ਸਹੀ ਚੋਣ ਕਰਕੇ ਦਿੱਤੀਆਂ ਜਾਂਦੀਆਂ ਹਨ। ਇਸ ਪੈਥੀ ਵਿੱਚ ਮਰੀਜ਼ ਨੂੰ ਇੱਕੋ ਸਮੇਂ ਕਾਫ਼ੀ ਦਵਾਈਆਂ ਦਾ ਮਿਸ਼ਰਣ ਬਣਾ ਕੇ ਦਿੱਤਾ ਜਾ ਸਕਦਾ ਹੈ। ਇਹ ਦਵਾਈਆਂ ਸਿਰਫ਼ ਬਨਸਪਤੀ ਜਗਤ ਦੇ ਪੌਦਿਆਂ ਤੋਂ ਤਿਆਰ ਹੋਣ ਕਰਕੇ ਮਨੁੱਖੀ ਸਰੀਰ ਉੱਤੇ ਕੋਈ ਵੀ ਮਾੜਾ ਪ੍ਰਭਾਵ ਨਹੀਂ ਛੱਡਦੀਆਂ।

ਇਸ ਪੈਥੀ ਦੀਆਂ ਕੁੱਲ 38 ਦਵਾਈਆਂ ਹਨ। ਜੋ ਕਿ 114 ਪੌਦਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹ ਦਵਾਈਆਂ ਆਦਿ ਸ਼ਕਤੀ ਅਤੇ ਚੁੰਬਕੀ ਨਿਯਮ ਦੇ ਆਧਾਰ ਉੱਤੇ ਕੰਮ ਕਰਦੀਆਂ ਹਨ। ਇਸ ਪੈਥੀ ਦੇ ਪਹਿਲੇ ਭਾਰਤੀ ਡਾਕਟਰ ਬਲਦੇਵ ਪ੍ਰਸਾਦ ਸਕਨੈਨਾ ਹੋਏ ਸਨ। ਭਾਰਤ ਵਿੱਚ ਇਸ ਪੈਥੀ ਦੀ ਆਮਦ 1885 ਵਿੱਚ ਡਾਕਟਰ ਫਾਦਰ ਮੁੱਲਰ ਦੁਆਰਾ ਕਰਨਾਟਕਾ ਦੇ ਮੰਗਲੂਰ ਸ਼ਹਿਰ ਵਿੱਚ ਹੋਇਆ। ਇਸ ਪੈਥੀ ਦੀ ਖ਼ਾਸੀਅਤ ਹੈ ਕਿ ਇਸ ਵਿੱਚ ਨਾ ਕੋਈ ਰਸਾਇਣ ਹੁੰਦਾ ਹੈ, ਨਾ ਕਾਰਬਨ ਹੈ ਅਤੇ ਨਾ ਹੀ ਅਲਕੋਹਲ ਹੈ। ਹੋਮਿਓਪੈਥੀ: ਇਸ ਪੈਥੀ ਦੇ ਜਨਮ ਦਾਤਾ ਡਾਕਟਰ ਸੈਮੂਅਲ ਸਨ। ਉਨ੍ਹਾਂ ਨੇ ਇਸ ਪੈਥੀ ਦੀ ਖੋਜ 1796 ਵਿੱਚ ਜਰਮਨੀ ਵਿੱਚ ਕੀਤੀ। ਇਸ ਪੈਥੀ ਦਾ ਸਿਧਾਂਤ ਸਿਮਲੀਆ, ਸਿਮਲੀਬਸ ਅਤੇ ਕਰੁੰਚਰ ਹੈ। ਇਸ ਪੈਥੀ ਵਿੱਚ ਬਿਮਾਰੀ ਦਾ ਇਲਾਜ ਰੋਗੀ ਦੀ ਬਿਮਾਰੀ ਦੇ ਲੱਛਣਾਂ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ। ਇਸ ਪੈਥੀ ਦੀਆਂ ਦਵਾਈਆਂ ਧਾਤਾਂ, ਖਣਿਜ ਪਦਾਰਥਾਂ ਅਤੇ ਪੌਦਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਇੱਕ ਪੌਦੇ ਨੂੰ ਲੈ ਕੇ, ਉਸ ਪੌਦੇ ਦੇ ਕੱਢੇ ਗਏ ਮਦਰ ਟਿੰਕਚਰ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਅਲਕੋਹਲ ਵਿੱਚ ਹੀ ਤਿਆਰ ਕੀਤੀਆਂ ਜਾਂਦੀਆਂ। ਇਸ ਪੈਥੀ ਦੀ ਦਵਾਈ ਨੂੰ ਮਦਰ ਟਿੰਕਚਰ ਤੋਂ ਵੱਖ ਵੱਖ ਪੁਟੈਂਸੀ ਦੀਆਂ ਤਾਕਤਾਂ ਜਿਵੇਂ 3-10-200 ਆਦਿ ਪੁਟੈਂਸੀ ਵਿੱਚ ਤਿਆਰ ਕੀਤਾ ਜਾਂਦਾ ਹੈ। ਇਸ ਪੈਥੀ ਵਿੱਚ ਮਰੀਜ਼ ਨੂੰ ਸਿਰਫ਼ ਇੱਕ ਹੀ ਦਵਾਈ ਦਿੱਤੀ ਜਾ ਸਕਦੀ ਹੈ।

ਇਸ ਪੈਥੀ ਦੀਆਂ ਦਵਾਈਆਂ ਧਾਤਾਂ ਅਤੇ ਖਣਿਜ ਪਦਾਰਥਾਂ ਤੋਂ ਤਿਆਰ ਕੀਤੀਆਂ ਹੋਣ ਕਰਕੇ ਸਰੀਰ ਉੱਪਰ ਮਾੜਾ ਪ੍ਰਭਾਵ ਛੱਡਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਹਨ, ਉੱਥੇ ਹੀ ਇਹ ਦਵਾਈਆਂ ਹਜ਼ਾਰਾਂ ਪੌਦਿਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਪੈਥੀ ਦੀਆਂ ਦਵਾਈਆਂ ਸਿਰਫ਼ ਅਲਕੋਹਲ ਵਿੱਚ ਤਿਆਰ ਹੋਣ ਕਰਕੇ ਪੌਦਿਆਂ ਦੀ ਆਦਿ ਸ਼ਕਤੀ ਮਦਰ ਟਿੰਕਚਰ ਵਿੱਚ ਨਸ਼ਟ ਹੋ ਜਾਂਦੀ ਹੈ। ਇਸ ਦੀਆਂ ਦਵਾਈਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਮਰੀਜ਼ ਦੇ ਰੋਗ ਅਨੁਸਾਰ ਦਵਾਈ ਦੀ ਸਹੀ ਚੋਣ ਔਖੀ ਹੋ ਜਾਂਦੀ ਹੈ। ਇਸ ਪੈਥੀ ਦੀਆਂ ਦਵਾਈਆਂ ਦਾ ਸਬੰਧ ਜੀਵਨ ਸ਼ਕਤੀ ਉੱਪਰ ਆਧਾਰਿਤ ਹੈ। ਇਸ ਪੈਥੀ ਦਾ ਅਵਿਸਕਾਰ ਡਾਕਟਰ ਸੈਮੂਅਲ ਹੈਨੇਮਨ ਨੇ ਪ੍ਰਸਿੱਧ ਵਿਗਿਆਨੀ ਪੈਰਾਸਲੈਸਿਸ ਦੇ ਪਹਿਲੇ ਸਿਧਾਂਤ ਸਮਾਨਤਾ ਨਾਲ ਸਮਾਨਤਾ ਦਾ ਆਧਾਰ ਹੋਣਾ ਉੱਪਰ ਕੀਤਾ ਹੈ। ਇਸ ਪੈਥੀ ਦੇ ਭਾਰਤ ਵਿੱਚ ਪਹਿਲੇ ਡਾਕਅਰ ਬਾਬੂ ਰਜਿੰਦਰ ਦੱਤ ਸਨ। ਇਸ ਪੈਥੀ ਦਾ ਆਗਮਨ 1835 ਪੰਜਾਬ ਵਿੱਚ ਹੋਇਆ।



# ਗੁਣਕਾਰੀ ਹੈ ਆਲੂ ਦਾ ਜੂਸ



ਡਾ. ਹਰਿੰਦਰਪਾਲ ਸਿੰਘ

ਆਲੂ ਨੂੰ ਸਬਜ਼ੀਆਂ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਲਗਪਗ ਹਰ ਸਬਜ਼ੀ ਵਿੱਚ ਆਲੂ ਦੀ ਸ਼ਮੂਲੀਅਤ ਹੁੰਦੀ ਹੈ। ਆਲੂ ਵੀ ਕਈ ਹੋਰ ਸਬਜ਼ੀਆਂ ਵਾਂਗ ਅਫਰੀਕਾ ਤੋਂ ਭਾਰਤ ਆਇਆ। ਇਸ ਵਿੱਚ ਜ਼ਿਆਦਾ ਕਾਰਬੋਹਾਈਡ੍ਰੇਟਸ ਹੋਣ ਕਰਕੇ ਇਸ ਨੂੰ ਮੋਟਾਪਾ ਵਧਾਉਣ ਵਾਲਾ ਮੰਨਿਆ ਜਾਂਦਾ ਹੈ। ਪਰ ਕੱਚਾ ਆਲੂ ਤੇ ਇਸ ਦਾ ਜੂਸ ਪੋਸ਼ਕ ਤੱਤਾਂ ਨਾਲ ਭਰਪੂਰ ਹੋਣ ਕਰਕੇ ਸਿਹਤ ਲਈ ਕਾਫ਼ੀ ਲਾਭਦਾਇਕ ਮੰਨਿਆ ਜਾਂਦਾ ਹੈ।

**ਆਲੂ ਵਿੱਚ ਮੌਜੂਦ ਪੋਸ਼ਕ ਤੱਤ-**

× ਪੋਟਾਸ਼ੀਅਮ: ਅੱਧਾ ਕੱਪ ਆਲੂ ਦਾ ਜੂਸ ਲਗਪਗ 27 ਫ਼ੀਸਦੀ ਦੇ ਕਰੀਬ ਰੋਜ਼ਾਨਾ ਪੋਟਾਸ਼ੀਅਮ ਦੀ ਜ਼ਰੂਰਤ ਪੂਰੀ ਕਰਦਾ ਹੈ। ਇਹ ਖਣਿਜ ਗੁਰਦੇ ਦੀ ਸਫ਼ਾਈ ਕਰਨ ਦੇ ਨਾਲ ਨਾਲ ਖ਼ੂਨ ਦੇ ਦਬਾਅ ਨੂੰ ਨਿਯਮਿਤ ਰੱਖਣ ਜਿਹੇ ਕਈ ਮਹੱਤਵਪੂਰਨ ਕਾਰਜ ਕਰਦਾ ਹੈ।

**ਵਿਟਾਮਿਨ 'ਸੀ'**: ਅੱਧਾ ਕੱਪ ਆਲੂ ਜੂਸ ਲਗਪਗ ਸਾਡੀ ਰੋਜ਼ਾਨਾ ਜ਼ਰੂਰਤ ਦਾ 50 ਫ਼ੀਸਦੀ ਵਿਟਾਮਿਨ 'ਸੀ' ਦਿੰਦਾ ਹੈ। ਇਹ ਵਿਟਾਮਿਨ ਸਾਡੇ ਸਰੀਰ ਵਿਚਲੀ ਰੋਗ ਨਿਰੋਧਕ ਸ਼ਕਤੀ ਨੂੰ ਵਧਾਉਂਦਾ ਹੈ।

× ਵਿਟਾਮਿਨ 'ਬੀ-1' ਤੇ 'ਬੀ-3': ਅੱਧਾ ਕੱਪ ਆਲੂ ਜੂਸ ਤੋਂ ਸਾਨੂੰ ਰੋਜ਼ਾਨਾ ਜ਼ਰੂਰਤ ਦਾ 20 ਫ਼ੀਸਦੀ ਦੇ ਕਰੀਬ ਵਿਟਾਮਿਨ 'ਬੀ-1' ਅਤੇ 'ਬੀ-3' ਮਿਲਦੇ ਹਨ। ਜੋ ਕਿ ਸਾਡੇ ਨਾੜੀ ਤੰਤਰ ਅਤੇ ਚਮੜੀ ਲਈ ਜ਼ਰੂਰੀ ਹਨ ਅਤੇ ਸਮੇਂ ਤੋਂ ਪਹਿਲਾਂ ਆਉਣ ਵਾਲੇ ਬੁਢਾਪੇ ਨੂੰ ਦੂਰ ਰੱਖਦੇ ਹਨ। ਕੇਵਲ ਤਲ ਕੇ ਖਾਧਾ ਆਲੂ ਹੀ ਮੋਟਾਪੇ ਦਾ ਕਾਰਨ ਬਣਦਾ ਹੈ। ਕੱਚਾ ਆਲੂ ਅਨੇਕਾਂ ਬਿਮਾਰੀਆਂ ਲਈ ਦਵਾਈ ਦਾ ਕੰਮ ਕਰਦਾ ਹੈ, ਜਿਵੇਂ-

**ਪਾਚਣ ਤੰਤਰ ਦੇ ਵਿਗਾੜ**: ਆਲੂ ਦਾ ਜੂਸ ਮਿਹਦੇ ਦੀ ਜਲਣ ਅਤੇ ਤੇਜ਼ਾਬ ਦੇ ਬਣਨ ਨੂੰ ਘੱਟ ਕਰਦਾ ਹੈ।

**ਪੈਪਟਿਕ ਅਲਸਰ**: ਇਸ ਨੂੰ ਮਿਹਦੇ ਦਾ ਅਲਸਰ ਵੀ ਕਹਿੰਦੇ ਹਨ। ਇਸ ਵਿੱਚ ਜ਼ਿਆਦਾ ਤੇਜ਼ਾਬ ਬਣਨ ਕਾਰਨ ਮਿਹਦੇ ਦੀ ਝਿੱਲੀ ਖ਼ਰਾਬ ਹੋ ਜਾਂਦੀ ਹੈ ਅਤੇ ਮਿਹਦੇ ਵਿੱਚ ਪੱਕੇ ਤੌਰ 'ਤੇ ਜ਼ਖ਼ਮ ਹੋ ਜਾਂਦੇ ਹਨ। ਇੱਕ ਖੋਜ ਅਨੁਸਾਰ ਆਲੂ ਦਾ ਜੂਸ ਮਿਹਦੇ ਦੇ ਅਲਸਰ ਨੂੰ ਠੀਕ ਕਰਨ ਦੇ ਸਮਰੱਥ ਹੈ।

**ਕੈਂਸਰ**: ਚੀਨ ਵਿੱਚ ਹੋਈ ਖੋਜ ਅਨੁਸਾਰ ਆਲੂ ਵਿੱਚ ਮੌਜੂਦ ਪੈਟਾਟਿਨ ਨਾਮੀ ਤੱਤ ਚੂਹਿਆਂ ਵਿੱਚ ਮੌਜੂਦ ਮੈਲਾਨੋਮਾ ਕਿਸਮ ਦੇ ਕੈਂਸਰ ਨੂੰ ਰੋਕਣ ਵਿੱਚ ਸਹਾਈ ਹੁੰਦਾ ਹੈ।

**ਕੋਲੈਸਟਰੋਲ**: ਆਲੂ ਦਾ ਜੂਸ ਕੋਲੈਸਟਰੋਲ ਵਿਚਲੇ ਟਰਾਈ ਗਲਿਸਰਾਈਡ ਨੂੰ ਨਿਯਮਿਤ ਕਰਦਾ ਹੈ।

**ਜੋੜਾਂ ਦਾ ਦਰਦ**: ਜੋੜਾਂ ਦੇ ਦਰਦ ਵਾਲੇ ਮਰੀਜ਼ ਨੂੰ ਹਰ ਵਾਰ ਖਾਣਾ ਖਾਣ ਤੋਂ ਪਹਿਲਾਂ ਦੋ ਚਮਚ ਆਲੂ ਦਾ ਜੂਸ ਲੈਣ ਨਾਲ ਕਾਫ਼ੀ ਫ਼ਾਇਦਾ ਹੁੰਦਾ ਹੈ। ਇਸ ਤੋਂ ਇਲਾਵਾ ਆਲੂ ਦੇ ਮੋਟੇ ਛਿਲਕੇ ਲੈ ਕਿ 4-5 ਮਿੰਟ ਪਾਣੀ ਵਿੱਚ ਉਬਾਲ ਲਓ ਅਤੇ ਫਿਰ ਠੰਢਾ ਹੋਣ 'ਤੇ ਇਸ ਨੂੰ ਪੀਓ।

# ਲਗਾਤਾਰ ਵਧ ਰਹੀ ਡਾਇਬੀਟੀਜ਼ ਨੂੰ ਕੰਟਰੋਲ ਕਰਨ ਲਈ ਡਾਇਟ 'ਚ ਸ਼ਾਮਲ ਕਰੋ




ਦਿਨ ਪ੍ਰਤੀਦਿਨ ਬਿਗੜਦੇ ਲਾਈਫਸਟਾਈਲ ਕਾਰਨ ਲੋਕਾਂ 'ਚ ਸਿਹਤ ਸੰਬੰਧੀ ਪ੍ਰੇਸ਼ਾਨੀਆਂ ਹੁੰਦੀਆਂ ਜਾਂ ਰਹੀਆਂ ਹਨ। ਆਮ ਲੋਕਾਂ 'ਚ ਸ਼ੂਗਰ, ਮੋਟਾਪੇ ਅਤੇ ਹੋਰ ਬੀਮਾਰੀਆਂ ਦੇਖੀਆਂ ਜਾਂਦੀਆਂ ਹਨ ਪਰ ਇਸ ਦੇ ਬਾਵਜੂਦ ਵੀ ਬਹੁਤ ਘੱਟ ਲੋਕਾਂ 'ਚ ਜ਼ਿੰਦਗੀ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਜਾਣੂ ਹਨ। ਇਸ ਦੀ ਪੂਰੀ ਜਾਣਕਾਰੀ ਨਾ ਹੋਣ 'ਤੇ ਉਹ ਕਈ ਬੀਮਾਰੀਆਂ ਦੀ ਚਪੇਟ 'ਚ ਆ ਜਾਂਦੇ ਹਨ। ਬੀਮਾਰੀਆਂ ਤੋਂ ਬਚਣ ਲਈ ਬਹੁਤ ਜ਼ਰੂਰੀ ਹੈ ਕਿ ਤੁਸੀਂ ਸਿਹਤ ਸੰਬੰਧੀ ਜੀਵਨਸ਼ੈਲੀ ਅਪਣਾਓ। ਵਿਗਿਆਨੀਆਂ ਅਨੁਸਾਰ ਆਪਣੀ ਰੂਟੀਨ 'ਚ ਕੁਝ ਹੈਲਦੀ ਆਦਤਾਂ ਨੂੰ ਸ਼ਾਮਲ ਕਰੋ ਇਸ ਨਾਲ ਤੁਸੀਂ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਬਚ ਸਕਦੇ ਹੋ। ਸਰੀਰਕ ਗਤੀਵਿਧੀਆਂ ਦੇ ਨਾਲ-ਨਾਲ ਆਪਣੀ ਰੂਟੀਨ 'ਚ ਪੋਸ਼ਟਿਕ ਭੋਜਨ, ਅਲਸੀ ਦੇ ਬੀਜ ਅਤੇ ਬਾਦਾਮ ਦਾ ਸੇਵਨ ਤੁਹਾਨੂੰ ਮੋਟਾਪੇ ਦੇ ਨਾਲ-ਨਾਲ ਕਈ ਬੀਮਾਰੀਆਂ ਤੋਂ ਬਚਾਉਂਦਾ ਹੈ। ਇਕ ਖੋਜ ਅਨੁਸਾਰ ਬਾਦਾਮ ਪ੍ਰੋਟੀਨ ਅਤੇ ਫਾਈਬਰ ਦਾ ਸਭ ਤੋਂ ਚੰਗਾ ਸਰੋਤ ਹੈ। ਜਿਸ ਨਾਲ ਬਲੱਡ ਸ਼ੂਗਰ ਕੰਟਰੋਲ ਰੱਖਣ 'ਚ ਮਦਦ ਮਿਲਦੀ ਹੈ। ਇਸ ਤੋਂ ਇਲਾਵਾ ਤੁਹਾਨੂੰ ਕੈਲਰੀ ਯੁਕਤ ਤੋਂ ਜਿਨ੍ਹਾਂ ਹੋ ਸਕੇ ਪਰਹੇਜ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਬੀਮਾਰੀਆਂ ਤੋਂ ਬਚਣ ਲਈ ਨਿਯਮਿਤ ਕਸਰਤ ਵੀ ਸਭ ਤੋਂ ਚੰਗਾ ਤਰੀਕਾ ਹੈ। 18-64 ਸਾਲ ਤੇ ਲੋਕਾਂ ਨੂੰ ਘੱਟ ਤੋਂ ਘੱਟ 75 ਮਿੰਟ ਲਈ ਕਸਰਤ ਕਰਨੀ ਚਾਹੀਦੀ ਹੈ। ਡਾਇਟੀਸ਼ੀਅਨ ਦਾ ਮੰਨਣਾ ਹੈ ਕਿ ਜ਼ਿਆਦਾਤਰ ਇਹ ਸਮੱਸਿਆਵਾਂ ਸਰੀਰਕ ਗਤੀਵਿਧੀਆਂ ਨੂੰ ਨਾ ਕਰਨ ਵਾਲੇ ਲੋਕਾਂ 'ਚ ਹੁੰਦੀਆਂ ਹਨ, ਚਾਹੇ ਉਹ ਸ਼ਹਿਰ ਹੋਵੇ ਜਾਂ ਪਿੰਡ ਦੇ। ਵੱਡੇ ਹੀ ਨਹੀਂ ਛੋਟੇ ਸ਼ਹਿਰਾਂ ਅਤੇ ਕਸਬਿਆਂ ਦੇ ਲੋਕਾਂ ਨੂੰ ਵੀ ਸ਼ੂਗਰ, ਹਾਈਪਟੈਂਸ਼ਨ, ਮੋਟਾਪੇ ਅਤੇ ਦਿਲ ਨਾਲ ਸੰਬੰਧਿਤ ਬੀਮਾਰੀਆਂ ਹੋਣ ਦਾ ਡਰ ਰਹਿੰਦਾ ਹੈ। ਇਸ ਲਈ ਜਿਨ੍ਹਾਂ ਹੋ ਸਕੇ। ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਦੀ ਰੱਖੋ। ਇਸ ਤੋਂ ਇਲਾਵਾ ਭੋਜਨ 'ਚ ਬਾਦਾਮ ਜ਼ਰੂਰ ਸ਼ਾਮਲ ਕਰੋ। ਤੁਸੀਂ ਇਸ ਦਾ ਸੇਵਨ ਸਨੈਕਸ ਦੀ ਤਰ੍ਹਾਂ ਵੀ ਕਰ ਸਕਦੇ ਹੋ ਅਤੇ ਰੋਜ਼ਾਨਾ ਭਿਉਂਏ ਹੋਏ ਬਾਦਾਮ ਦਾ ਸੇਵਨ ਵੀ ਤੁਹਾਡੀ ਸਿਹਤ ਨੂੰ ਠੀਕ ਰੱਖਦਾ ਹੈ।

# ਜ਼ਿੰਦਗੀ ਦਾ ਹੁਲਾਰਾ ਹਨ
# ਲੋਕ ਨਾਚ

**ਭੰਗੜਾ ਸਭ ਤੋਂ ਆਰੰਭਿਕ ਤੇ ਪ੍ਰਾਕਿਰਤਿਕ ਸੁਭਾਅ ਵਾਲਾ ਹੈ। ਗਿੱਧਾ ਉਸ ਵੇਲੇ ਉਪਜਿਆ ਜਦੋਂ ਕਬੀਲਿਆਂ ਦੇ ਸਰਦਾਰਾਂ ਨੇ ਆਪਣੀਆਂ ਔਰਤਾਂ ਨੂੰ ਸੁੰਦਰ ਜਾਇਦਾਦਾਂ ਸਮਝਣਾ ਆਰੰਭ ਕਰ ਦਿੱਤਾ ਤੇ ਮੁਟਿਆਰਾਂ ਸਵਾਣੀਆਂ ਨੂੰ ਅੰਦਰ ਡੱਕ ਦਿੱਤਾ। ਉਨ੍ਹਾਂ ਦੇ ਜਜ਼ਬੇ ਘੁੱਟੇ ਗਏ ਤੇ ਉਨ੍ਹਾਂ ਦਾ ਸਬੰਧ ਪ੍ਰਾਕਿਰਤੀ ਨਾਲੋਂ ਤੋੜ ਦਿੱਤਾ**



ਲੋਕ ਨਾਚ ਆਪਣੇ ਸਮੇਂ ਦੀ ਰਹਿਣੀ-ਬਹਿਣੀ ਤੇ ਕੁਦਰਤੀ ਵਾਤਾਵਰਣ ਦਾ ਸਹੀ ਦਰਪਣ ਹੁੰਦੇ ਹਨ ਕਿਉਂਕਿ ਨੱਚਣ ਵਾਲਾ ਸਾਰੇ ਨਾਚ ਕਰਮ ਆਪਣੇ ਆਲੇ ਦੁਆਲੇ ਦੇ ਜੀਵਨ ਵਿੱਚੋਂ ਲੈਂਦਾ ਹੈ। ਸ਼ੁਰੂ ਵਿੱਚ ਨਾਚ, ਗੀਤ ਤੇ ਸੰਗੀਤ ਤਿੰਨੇ ਰਲੇ ਮਿਲੇ ਹੁਨਰ ਸਨ, ਤਿੰਨੇ ਖ਼ੁਸ਼ੀ ਦਾ ਸਾਧਨ ਸਨ, ਪਰ ਜਿਉਂ ਸੱਭਿਅਤਾ ਵੱਧਦੀ ਗਈ ਇਹ ਤਿੰਨ ਹੁਨਰ ਇੱਕ ਦੂਜੇ ਤੋਂ ਦੂਰ ਹੁੰਦੇ ਗਏ। ਨਾਚ ਵਧਕੇ ਨਾਟ ਸ਼ਾਸਤਰ ਦੇ ਨਿਯਮਾਂ ਵਿੱਚ ਬੱਝ ਗਿਆ,ਗੀਤ ਪਿੰਗਲ ਦੇ ਬੰਧਨਾਂ ਵਿੱਚ ਜਕੜਿਆ ਗਿਆ ਤੇ ਰਾਗ ਸ਼ਾਸਤਰੀ ਸੰਗੀਤ ਵਿੱਚ। ਸਾਜ਼ ਸੰਗੀਤ ਢੋਲਕ ਦੀ ਤਾਲ ਤੋਂ ਵਧਦਾ ਇੰਨੇ ਸਾਜ਼ਾਂ ਵਿੱਚ ਫੈਲ ਗਿਆ ਕਿ ਆਮ ਲੋਕਾਂ ਨੂੰ ਉਨ੍ਹਾਂ ਦੇ ਨਾਂ ਤਾਂ ਕੀ ਗਿਣਤੀ ਵੀ ਯਾਦ ਨਹੀਂ ਰਹਿੰਦੀ।

ਕਲਾਸੀਕਲ ਨਾਚ ਵਿੱਚ ਸੂਖਮ ਭਾਵਾਂ ਨੂੰ ਦਰਸਾਉਣ ਲਈ ਚਿਹਰੇ ਉੱਤੇ ਤੇਜ਼ ਰੌਸ਼ਨੀ ਪਾਈ ਜਾਂਦੀ ਹੈ ਤੇ ਜੇ ਕਲਾਸੀਕਲ ਨੱਚਣ ਵਾਲੇ ਨੇ ਢੁਕਵੀਂ ਪੁਸ਼ਾਕ ਨਾ ਪਾਈ ਹੋਵੇ ਤਾਂ ਨਾ ਉਹ ਚੰਗੀ ਤਰ੍ਹਾਂ ਨੱਚ ਸਕਦਾ ਹੈ ਤੇ ਨਾ ਹੀ ਦਰਸ਼ਕਾਂ ਨੂੰ ਮੋਹ ਸਕਦਾ ਹੈ। ਇਸ ਨੂੰ ਪੂਰੀ ਤਰ੍ਹਾਂ ਲੁਭਾਏਮਾਨ ਹੋਣ ਲਈ ਸੋਹਣੀ ਸਟੇਜ ਦਾ ਹੋਣਾ ਵੀ ਜ਼ਰੂਰੀ ਹੈ। ਇਸ ਦੇ ਉਲਟ ਲੋਕ ਨਾਚ ਲਈ ਹਰ ਪੁਸ਼ਾਕ ਢੁਕਵੀਂ ਹੈ, ਜਿੰਨੇ ਸਰੂਰ ਤੇ ਜਿੰਨੀ ਖ਼ੁਸ਼ੀ ਵਿੱਚ ਕੋਈ ਨੱਚੇਗਾ ਓਨਾ ਹੀ ਸੁਹਜ ਤੇ ਰੰਗ ਉਸ ਦੇ ਨਾਚ ਵਿੱਚ ਝਲਕੇਗਾ। ਸਾਡੇ ਇਨ੍ਹਾਂ ਨਾਚਾਂ ਵਿੱਚ ਓਨੀ ਹੀ ਤਕੜਾਈ ਤੇ ਜੋਸ਼ ਹੈ ਜਿੰਨੀ ਪੰਜਾਬੀਆਂ ਵਿੱਚ ਮੰਨੀ ਅਤੇ ਸਮਝੀ ਜਾਂਦੀ ਹੈ।

ਪੰਜਾਬ ਦੇ ਲੋਕ ਨਾਚ, ਭੰਗੜਾ, ਗਿੱਧਾ, ਝੂੰਮਰ ਲੁੱਡੀ, ਧਮਾਲ, ਕਿੱਕਲੀ ਤੇ ਸੰਮੀ ਆਦਿ ਹਨ, ਪਰ ਇਨ੍ਹਾਂ ਵਿੱਚੋਂ ਭੰਗੜਾ ਸਭ ਤੋਂ ਆਰੰਭਿਕ ਤੇ ਪ੍ਰਾਕਿਰਤਿਕ ਸੁਭਾਅ ਵਾਲਾ ਹੈ। ਗਿੱਧਾ ਉਸ ਵੇਲੇ ਉਪਜਿਆ ਜਦੋਂ ਕਬੀਲਿਆਂ ਦੇ ਸਰਦਾਰਾਂ ਨੇ ਆਪਣੀਆਂ ਔਰਤਾਂ ਨੂੰ ਸੁੰਦਰ ਜਾਇਦਾਦਾਂ ਸਮਝਣਾ ਆਰੰਭ ਕਰ ਦਿੱਤਾ ਤੇ ਮੁਟਿਆਰਾਂ ਸਵਾਣੀਆਂ ਨੂੰ ਅੰਦਰ ਡੱਕ ਦਿੱਤਾ। ਉਨ੍ਹਾਂ ਦੇ ਜਜ਼ਬੇ ਘੁੱਟੇ ਗਏ ਤੇ ਉਨ੍ਹਾਂ ਦਾ ਸਬੰਧ ਪ੍ਰਾਕਿਰਤੀ ਨਾਲੋਂ ਤੋੜ ਦਿੱਤਾ। ਗਿੱਧਾ ਇਨ੍ਹਾਂ ਮੁਟਿਆਰਾਂ ਦਾ ਸਰੀਰਿਕ ਤੇ ਨਾਟਕੀ ਪ੍ਰਗਟਾਅ ਹੈ। ਕੋਈ ਵੀ ਖ਼ੁਸ਼ੀ ਦਾ ਮੌਕਾ ਹੋਵੇ ਭੰਗੜਾ ਜ਼ਰੂਰ ਪੈਂਦਾ ਹੈ। ਇਹ ਨਾਚ ਪੰਜਾਬੀਆਂ ਦੇ ਸੁਭਾਅ ਤੇ ਉਨ੍ਹਾਂ ਦੀ ਕਰੜਾਈ ਤੇ ਗਠੀਲੇਪਣ ਦੀ ਇੱਕ ਪ੍ਰਤੱਖ ਤਸਵੀਰ ਹੈ। ਇਹ ਨਾਚ ਅਸਲ ਵਿੱਚ ਹੈ ਤਾਂ ਪੱਛਮੀ ਪੰਜਾਬ ਦੇ ਸ਼ੇਖ਼ੂਪੁਰੇ, ਗੁਜਰਾਤ ਤੇ ਸਿਆਲਕੋਟ ਜ਼ਿਲ੍ਹਿਆਂ ਦਾ ਪਰ ਜੋਸ਼-ਪ੍ਰਧਾਨ ਹੋਣ ਕਰਕੇ ਇਹ ਪੰਜਾਬ ਦਾ ਲੋਕ ਨਾਚ ਹੋ ਨਿੱਬੜਿਆ।

ਢੋਲ ਇਸ ਨਾਚ ਦਾ ਸਭ ਤੋਂ ਜ਼ਰੂਰੀ ਸਾਜ਼ ਹੈ, ਬਾਕੀ ਸਾਰੇ ਸਾਜ਼ ਉਸ ਦਾ ਸਾਥ ਦੇਣ ਲਈ ਹੁੰਦੇ ਹਨ। ਇਨ੍ਹਾਂ ਵਿੱਚ ਨਗੋਜ਼ੇ, ਤੂੰਬਾ, ਚਿਮਟਾ, ਕਾਟੋ, ਸੱਪ ਗੱਲ ਕੀ ਜਿਹੜਾ ਵੀ ਸਾਜ਼ ਕਿਸੇ ਕੋਲ ਹੋਵੇ ਨਾਲ ਢੁਕ ਜਾਂਦਾ ਹੈ। ਆਮ ਕਸਰਤ ਕਰਦੇ ਸਮੇਂ ਮਨੁੱਖ ਨੂੰ ਸਿਰਫ਼ ਸਰੀਰ ਦੀ ਤਕੜਾਈ ਦਾ ਹੀ ਖ਼ਿਆਲ ਹੁੰਦਾ ਹੈ, ਪਰ ਭੰਗੜਾ ਪਾਉਂਦੇ ਸਮੇਂ ਮਨ ਤੇ ਸਰੀਰ ਦੋਹਾਂ ਦੀ ਕਸਰਤ ਹੁੰਦੀ ਹੈ। ਇਹ ਇੱਕੋ ਨਾਚ ਹੈ ਜਿਹੜਾ ਪੰਜਾਬੀਆਂ ਨੂੰ ਖ਼ੁਸ਼ ਅਤੇ ਬਲਵਾਨ ਯੋਧੇ ਬਣੇ ਰਹਿਣ ਵਿੱਚ ਸਹਾਈ ਹੁੰਦਾ ਹੈ।

ਪੰਜਾਬੀ ਬੋਲੀ ਦੇ ਮੈਦਾਨੀ ਇਲਾਕੇ ਦੇ ਲੋਕ ਨਾਚਾਂ ਵਿੱਚੋਂ ਸਭ ਤੋਂ ਪਹਿਲਾ ਦਰਜਾ ਗਿੱਧੇ ਦਾ ਹੈ ਕਿਉਂਕਿ ਹੋਰ ਨਾਚਾਂ ਦਾ ਸਬੰਧ ਵਧੇਰੇ ਕਰਕੇ ਪੱਛਮੀ ਪੰਜਾਬ ਨਾਲ ਹੈ। ਗਿੱਧਾ ਹੈ ਤਾਂ ਸਾਰੇ ਪੰਜਾਬ ਦਾ ਹੀ, ਪਰ ਕਈ ਮੌਸਮ ਵੀ ਇਸ ਨਾਲ ਸਬੰਧ ਰੱਖਦੇ ਹਨ। ਸਾਉਣ ਦੇ ਮਹੀਨੇ ਔਰਤਾਂ ਗਿੱਧੇ ਨੂੰ ਇੱਕ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ। ਇਸ ਦੀ ਏਨੀ ਮਹੱਤਤਾ ਹੈ ਕਿ ਹਰ ਵਿਆਹੀ ਕੁੜੀ ਇਨ੍ਹਾਂ ਦਿਨਾਂ ਵਿੱਚ ਪੇਕੇ ਘਰ ਜ਼ਰੂਰ ਆਉਂਦੀ ਹੈ। ਗਿੱਧਾ ਪਾਉਂਦੀਆਂ ਕੁੜੀਆਂ ਕੇਵਲ ਨੱਚਦੀਆਂ ਹੀ ਨਹੀਂ ਸਗੋਂ ਮਨ ਦੇ ਭਾਵਾਂ ਨੂੰ ਖੁੱਲ੍ਹੀ ਤਰ੍ਹਾਂ ਪ੍ਰਗਟਾਉਂਦੀਆਂ ਹਨ ਜੋ ਗੀਤਾਂ ਰਾਹੀਂ ਹੁੰਦਾ ਹੈ। ਇਨ੍ਹਾਂ ਦੇ ਬੋਲ ਰਚਣ ਵਾਲੇ ਦਾ ਨਾਂ ਪਤਾ ਹੀ ਨਹੀਂ ਹੁੰਦਾ। ਕੁੜੀਆਂ ਆਪਣੇ ਮਨ ਦੇ ਪਿਆਰ ਉਛਾਲ ਨੂੰ ਨਿਡਰ ਹੋ ਪ੍ਰਗਟ ਕਰਦੀਆਂ ਹਨ ਜਿਵੇਂ:

ਤੈਨੂੰ ਵੇਖਿਆਂ ਸਬਰ ਨਾ ਆਵੇ
ਯਾਰਾ ਤੇਰਾ ਘੁੱਟ ਭਰ ਲਾਂ

ਗਿੱਧੇ ਵਿੱਚ ਤਾਲ ਤਾੜੀ ਨਾਲ ਉਸਾਰਿਆ ਜਾਂਦਾ ਹੈ। ਬੋਲੀ ਪਾ ਕੇ ਉਸ ਬੋਲੀ ਦਾ ਭਾਵ ਨਾਚ ਅਭਿਨੈ ਜਾਂ ਨ੍ਰਿਤ ਨਾਟਕੀ ਢੰਗ ਨਾਲ ਸਾਕਾਰ ਕੀਤਾ ਜਾਂਦਾ ਹੈ। ਇਸ ਵਿੱਚ ਪਿਆਰ, ਬਿਰਹਾ ਤੇ ਨਿੱਤ ਦੇ ਘਰੇਲੂ ਜੀਵਨ ਦੀਆਂ ਝਾਕੀਆਂ ਹੁੰਦੀਆਂ ਹਨ। ਕੋਈ ਗੀਤ ਸੱਸ-ਨੂੰਹ ਦਾ ਝਗੜਾ ਦਰਸਾਉਂਦਾ ਹੈ, ਕਿਤੇ ਵੀਰ ਤੇ ਬਾਬਲ ਦੀ ਸਿਫ਼ਤ ਹੁੰਦੀ ਹੈ, ਕਿਤੇ ਮਾਂ ਦੀ ਛਾਂ ਦੀ ਗੱਲ ਤੇ ਕਿਤੇ ਪਤੀ ਦੀ ਮੁਹੱਬਤ ਤੇ ਕਦੀ ਪਤੀ ਦੀ ਬੁਰਾਈ।

ਝੂਮਰ ਪੰਜਾਬ ਦੇ ਲੋਕ ਨਾਚਾਂ ਵਿੱਚੋਂ ਸੱਭ ਤੋਂ ਵੱਧ ਕਲਾਤਮਿਕ ਨਾਚ ਹੈ। ਇਹ ਨਿਰੋਲ ਖ਼ੁਸ਼ੀ ਪ੍ਰਗਟਾਉਂਦਾ ਹੈ। ਝੂਮਰ ਨੱਚਣ ਵਾਲਾ ਬੜੇ ਕਲਾਤਮਿਕ ਤੇ ਨਜ਼ਾਕਤ ਨਾਲ ਝੂਮਦਾ ਹੈ ਜਿਵੇਂ ਫੁੱਲਾਂ ਲੱਦੀਆਂ ਡਾਲੀਆਂ ਝੂਮਦੀਆਂ ਹਨ। ਇਸ ਦੀ ਲੈਅ ਲੰਬੀ ਹੁੰਦੀ ਹੈ ਤੇ ਢੋਲ ਦੀ ਤਾਲ ਕੋਮਲ ਹੁੰਦੀ ਹੈ। ਅਸਲ ਵਿੱਚ ਇਹ ਲਹੂ ਗੇੜ ਵਰਗਾ ਹੈ ਤੇ ਚੱਕਰ ਧੁਨੀ ਨਾਲ ਮਘਦਾ ਹੈ।

ਝੂਮਰ ਪੱਛਮੀ ਪੰਜਾਬ ਦੇ ਸਾਂਦਲਬਾਰ ਦੇ ਵਸਨੀਕਾਂ ਦਾ ਮਰਦਾਵਾਂ ਨਾਚ ਹੈ। ਇਸ ਵਿੱਚ ਲਾਇਲਪੁਰ, ਸ਼ੇਖ਼ੂਪੁਰਾ, ਮਿੰਟਗੁਮਰੀ ਅਤੇ ਝੰਗ ਜ਼ਿਲ੍ਹਿਆਂ ਦਾ ਕੁਝ ਇਲਾਕਾ ਆਉਂਦਾ ਹੈ।

ਵਹੀਰਾਂ ਵਿੱਚ ਟੁਰਦੀਆਂ ਡਾਚੀਆਂ ਦੀਆਂ ਲੰਮੀਆਂ ਗਰਦਨਾਂ ਦਾ ਹੁਲਾਰ ਤੇ ਉਨ੍ਹਾਂ ਦੇ ਗਲ ਪਈਆਂ ਟੱਲੀਆਂ ਦੀ ਟੁਣਕਾਰ ਜਾਂਗਲੀਆਂ ਦੇ ਮਨਾਂ ਨੂੰ ਲੈਅ ਮਈ ਬਣਾ ਦਿੰਦੀਆਂ ਹਨ। ਇਹ ਲੋਕ ਆਪ ਤਾਂ ਨੱਚਦੇ ਹੀ ਸਨ ਆਪਣੇ ਘੋੜਿਆਂ ਤੇ ਊਠਾਂ 'ਤੇ ਬੈਠ ਕੇ ਉਨ੍ਹਾਂ ਨੂੰ ਵੀ ਖ਼ੁਸ਼ੀ ਵਿੱਚ ਨਚਾਉਂਦੇ ਸਨ। ਇਸ ਨਾਚ ਦਾ ਜ਼ਰੂਰੀ ਸਾਜ਼ ਵੀ ਢੋਲ ਹੀ ਹੈ ਤੇ ਢੋਲ ਵੀ ਅਜਿਹਾ ਜਿਸ ਦੀ ਆਵਾਜ਼ ਰਾਤ ਦੇ ਟਿਕਵੇਂ ਸਮੇਂ ਮੀਲਾਂ ਤਕ ਸੁਣਾਈ ਦਿੰਦੀ ਹੈ। ਮੱਠੀ ਨੂੰ ਝੂਮਰ ਤਾਲ, ਦੂਜੀ ਨੂੰ ਚੀਣ ਛੜਕਣ ਤੇ ਤੀਜੀ ਨੂੰ ਧਮਾਲ ਆਖਦੇ ਹਨ। ਕਈ ਵਾਰ ਢੋਲੀ ਆਪਣੀ ਤਰੰਗ ਵਿੱਚ ਆ ਕੇ ਗੌਣ ਲੱਗ ਪੈਂਦਾ ਹੈ।

ਮੈਂ ਤਾਂ ਪਾਣੀ ਭਰੇਨੀ ਆਂ ਪੱਤਣੋਂ
ਭੈੜੇ ਨੈਣ ਨਾ ਰਹਿੰਦੇ ਤੱਕਣੋਂ

ਨੱਚਦੇ ਹੋਏ ਝੂਮਰੀ ਮੂੰਹ ਵਿੱਚੋਂ ਸ਼ੀ ਸ਼ੀ ਦੀ ਆਵਾਜ਼ ਕੱਢਦੇ ਹਨ ਜਿਸ ਨੂੰ ਛੂੰਮਣੀਆਂ ਕੱਢਣੀਆਂ ਕਹਿੰਦੇ ਹਨ। ਸੰਮੀ ਔਰਤਾਂ ਦਾ ਨਾਚ ਹੈ ਤੇ ਇਸਦਾ ਸਬੰਧ ਵੀ ਸਾਂਦਲਬਾਰ ਦੇ ਇਲਾਕੇ ਨਾਲ ਹੈ। ਚਾਨਣੀਆਂ ਰਾਤਾਂ ਵਿੱਚ ਜਦੋਂ ਕੁੜੀਆਂ ਇੱਕਠੀਆਂ ਹੋ ਕੇ ਸੰਮੀ ਪਾਉਂਦੀਆਂ ਹਨ ਤਾਂ ਉਨ੍ਹਾਂ ਦੀਆਂ ਬਾਹਾਂ ਦੇ ਉਲਾਰ ਨਾਲ ਚੂੜੀਆਂ ਦੀ ਛਣਕਾਰ ਪੈਰਾਂ ਦੀ ਧਮਕ ਤੇ ਝਾਂਜਰਾਂ ਦੀ ਟੁਣਕਾਰ ਇੱਕੋ ਸਮੇਂ ਹੁੰਦੀ ਹੈ। ਇਸ ਨਾਚ ਵਿੱਚ ਕਿਸੇ ਸਾਜ਼ ਦੀ ਲੋੜ ਨਹੀਂ। ਤਾਲ ਦਾ ਹਿਸਾਬ ਕੇਵਲ ਤਾੜੀਆਂ ਤੇ ਚੁਟਕੀਆਂ ਨਾਲ ਹੀ ਰੱਖਿਆ ਜਾਂਦਾ ਹੈ। ਕਿੱਕਲੀ ਅਸਲ ਵਿੱਚ ਨਿੱਕੀਆਂ ਕੁੜੀਆਂ ਦਾ ਨਾਚ ਹੈ। ਕਦੇ ਕਦੇ ਨਿੱਕੇ ਮੁੰਡੇ ਕੁੜੀਆਂ ਰਲ ਕੇ ਵੀ ਕਿੱਕਲੀ ਪਾ ਲੈਂਦੇ ਹਨ। ਭਰਾ ਤੇ ਭੈਣ ਦਾ ਪਿਆਰ ਹਾਣ ਦਾ ਹੈ, ਇਹੀ ਕਾਰਨ ਹੈ ਕਿ ਕਿੱਕਲੀ ਵਿੱਚ ਬਹੁਤੇ ਗੀਤ ਭੈਣ ਵੱਲੋਂ ਭਰਾ ਦੇ ਪਿਆਰ ਦਾ ਵਰਣਨ ਕਰਦੇ ਹਨ ਜਿਵੇਂ :

ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ ਫਿੱਟੇ ਮੂੰਹ ਜਵਾਈ ਦਾ

ਇਸ ਤਰ੍ਹਾਂ ਹੀ ਲੁੱਡੀ ਪੰਜਾਬ ਦਾ ਖ਼ੁਸ਼ੀ ਦਾ ਨਾਚ ਹੈ। ਲੋਕ ਕਿਸੇ ਜਿੱਤ ਦੀ ਖ਼ੁਸ਼ੀ ਵਿੱਚ ਲੁੱਡੀ ਪਾਉਂਦੇ ਹਨ। ਅੱਜ ਦੇ ਯੁੱਗ ਵਿੱਚ ਲੋਕ ਨਾਚ ਸਿਰਫ਼ ਲੋਕ ਨਾਚ ਹੀ ਨਹੀਂ, ਇਸ ਦੇ ਵਿਖਾਵੇ ਵਿੱਚ ਲੋਕਾਂ ਦੇ ਸੂਝ ਪੱਧਰ ਦਾ ਵੀ ਪਤਾ ਲੱਗਦਾ ਹੈ। ਮੇਰੇ ਵਿਸ਼ਵਾਸ ਵਿੱਚ ਲੋਕ ਨਾਚ ਨੱਚਣ ਲਈ ਮਨ ਦਾ ਕਲਾਕਾਰ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬੀਆਂ ਦਾ ਦਿਲ ਬੜਾ ਨਿੱਘਾ ਹੈ ਤੇ ਇਹ ਬੜਾ ਭਰਪੂਰ ਹਾਸਾ ਹੱਸਦੇ ਹਨ। ਹਰ ਦੇਸ਼ ਦੀ ਕਲਾ ਉਸ ਦੇ ਸੱਭਿਆਚਾਰ ਦਾ ਪ੍ਰਤੀਕ ਹੋ ਨਿਬੜਦੀ ਹੈ।



**ਆਵਾਜ਼ ਰਾਤ ਦੇ ਟਿਕਵੇਂ ਸਮੇਂ ਮੀਲਾਂ ਤਕ ਸੁਣਾਈ ਦਿੰਦੀ ਹੈ। ਮੱਠੀ ਨੂੰ ਝੂਮਰ ਤਾਲ, ਦੂਜੀ ਨੂੰ ਚੀਣ ਛੜਕਣ ਤੇ ਤੀਜੀ ਨੂੰ ਧਮਾਲ ਆਖਦੇ ਹਨ। ਕਈ ਵਾਰ ਢੋਲੀ ਆਪਣੀ ਤਰੰਗ ਵਿੱਚ ਆ ਕੇ ਗੌਣ ਲੱਗ ਪੈਂਦਾ ਹੈ।**

# ਜ਼ਿੰਦਗੀ ਦਾ ਹੁਲਾਰਾ ਹਨ ਲੋਕ ਨਾਚ

**ਪ੍ਰਿਤਪਾਲ ਮਾਹਲ**

ਲੋਕ ਨਾਚ ਆਪਣੇ ਸਮੇਂ ਦੀ ਰਹਿਣੀ-ਬਹਿਣੀ ਤੇ ਕੁਦਰਤੀ ਵਾਤਾਵਰਣ ਦਾ ਸਹੀ ਦਰਪਣ ਹੁੰਦੇ ਹਨ ਕਿਉਂਕਿ ਨੱਚਣ ਵਾਲਾ ਸਾਰੇ ਨਾਚ ਕਰਮ ਆਪਣੇ ਆਲੇ ਦੁਆਲੇ ਦੇ ਜੀਵਨ ਵਿੱਚੋਂ ਲੈਂਦਾ ਹੈ। ਸ਼ੁਰੂ ਵਿੱਚ ਨਾਚ, ਗੀਤ ਤੇ ਸੰਗੀਤ ਤਿੰਨੇ ਰਲੇ ਮਿਲੇ ਹੁਨਰ ਸਨ, ਤਿੰਨੇ ਖ਼ੁਸ਼ੀ ਦਾ ਸਾਧਨ ਸਨ, ਪਰ ਜਿਉਂ ਸੱਭਿਅਤਾ ਵੱਧਦੀ ਗਈ ਇਹ ਤਿੰਨ ਹੁਨਰ ਇੱਕ ਦੂਜੇ ਤੋਂ ਦੂਰ ਹੁੰਦੇ ਗਏ। ਨਾਚ ਵਧਕੇ ਨਾਟ ਸ਼ਾਸਤਰ ਦੇ ਨਿਯਮਾਂ ਵਿੱਚ ਬੱਝ ਗਿਆ, ਗੀਤ ਪਿੰਗਲ ਦੇ ਬੰਧਨਾਂ ਵਿੱਚ ਜਕੜਿਆ ਗਿਆ ਤੇ ਰਾਗ ਸ਼ਾਸਤਰੀ ਸੰਗੀਤ ਵਿੱਚ। ਸਾਜ਼ ਸੰਗੀਤ ਢੋਲਕ ਦੀ ਤਾਲ ਤੋਂ ਵਧਦਾ ਇੰਨੇ ਸਾਜ਼ਾਂ ਵਿੱਚ ਫੈਲ ਗਿਆ ਕਿ ਆਮ ਲੋਕਾਂ ਨੂੰ ਉਨ੍ਹਾਂ ਦੇ ਨਾਂ ਤਾਂ ਕੀ ਗਿਣਤੀ ਵੀ ਯਾਦ ਨਹੀਂ ਰਹਿੰਦੀ।

ਕਲਾਸੀਕਲ ਨਾਚ ਵਿੱਚ ਸੂਖਮ ਭਾਵਾਂ ਨੂੰ ਦਰਸਾਉਣ ਲਈ ਚਿਹਰੇ ਉੱਤੇ ਤੇਜ਼ ਰੌਸ਼ਨੀ ਪਾਈ ਜਾਂਦੀ ਹੈ ਤੇ ਜੇ ਕਲਾਸੀਕਲ ਨੱਚਣ ਵਾਲੇ ਨੇ ਢੁਕਵੀਂ ਪੁਸ਼ਾਕ ਨਾ ਪਾਈ ਹੋਵੇ ਤਾਂ ਨਾ ਉਹ ਚੰਗੀ ਤਰ੍ਹਾਂ ਨੱਚ ਸਕਦਾ ਹੈ ਤੇ ਨਾ ਹੀ ਦਰਸ਼ਕਾਂ ਨੂੰ ਮੋਹ ਸਕਦਾ ਹੈ। ਇਸ ਨੂੰ ਪੂਰੀ ਤਰ੍ਹਾਂ ਲੁਭਾਇਮਾਨ ਹੋਣ ਲਈ ਸੋਹਣੀ ਸਟੇਜ ਦਾ ਹੋਣਾ ਵੀ ਜ਼ਰੂਰੀ ਹੈ। ਇਸ ਦੇ ਉਲਟ ਲੋਕ ਨਾਚ ਲਈ ਹਰ ਪੁਸ਼ਾਕ ਢੁਕਵੀਂ ਹੈ, ਜਿੰਨੇ ਸਰੂਰ ਤੇ ਜਿੰਨੀ ਖ਼ੁਸ਼ੀ ਵਿੱਚ ਕੋਈ ਨੱਚੇਗਾ ਓਨਾ ਹੀ ਸੁਹਜ ਤੇ ਰੰਗ ਉਸ ਦੇ ਨਾਚ ਵਿੱਚ ਝਲਕੇਗਾ। ਸਾਡੇ ਇਨ੍ਹਾਂ ਨਾਚਾਂ ਵਿੱਚ ਓਨੀ ਹੀ ਤਕੜਾਈ ਤੇ ਜੋਸ਼ ਹੈ ਜਿੰਨੀ ਪੰਜਾਬੀਆਂ ਵਿੱਚ ਮੰਨੀ ਅਤੇ ਸਮਝੀ ਜਾਂਦੀ ਹੈ।

ਪੰਜਾਬ ਦੇ ਲੋਕ ਨਾਚ, ਭੰਗੜਾ, ਗਿੱਧਾ, ਝੂੰਮਰ ਲੁੱਡੀ, ਧਮਾਲ, ਕਿੱਕਲੀ ਤੇ ਸੰਮੀ ਆਦਿ ਹਨ, ਪਰ ਇਨ੍ਹਾਂ ਵਿੱਚੋਂ ਭੰਗੜਾ ਸਭ ਤੋਂ ਆਰੰਭਿਕ ਤੇ ਪ੍ਰਾਕਿਰਤਿਕ ਸੁਭਾਅ ਵਾਲਾ ਹੈ। ਗਿੱਧਾ ਉਸ ਵੇਲੇ ਉਪਜਿਆ ਜਦੋਂ ਕਬੀਲਿਆਂ ਦੇ ਸਰਦਾਰਾਂ ਨੇ ਆਪਣੀਆਂ ਔਰਤਾਂ ਨੂੰ ਸੁੰਦਰ ਜਾਇਦਾਦਾਂ ਸਮਝਣਾ ਆਰੰਭ ਕਰ ਦਿੱਤਾ ਤੇ ਮੁਟਿਆਰਾਂ ਸਵਾਣੀਆਂ ਨੂੰ ਅੰਦਰ ਡੱਕ ਦਿੱਤਾ। ਉਨ੍ਹਾਂ ਦੇ ਜਜ਼ਬੇ ਘੁੱਟੇ ਗਏ ਤੇ ਉਨ੍ਹਾਂ ਦਾ ਸਬੰਧ ਪ੍ਰਾਕਿਰਤੀ ਨਾਲੋਂ ਤੋੜ ਦਿੱਤਾ। ਗਿੱਧਾ ਇਨ੍ਹਾਂ ਮੁਟਿਆਰਾਂ ਦਾ ਸਰੀਰਿਕ ਤੇ ਨਾਟਕੀ ਪ੍ਰਗਟਾਅ ਹੈ। ਕੋਈ ਵੀ ਖ਼ੁਸ਼ੀ ਦਾ ਮੌਕਾ ਹੋਵੇ ਭੰਗੜਾ ਜ਼ਰੂਰ ਪੈਂਦਾ ਹੈ। ਇਹ ਨਾਚ ਪੰਜਾਬੀਆਂ ਦੇ ਸੁਭਾਅ ਤੇ ਉਨ੍ਹਾਂ ਦੀ ਕਰੜਾਈ ਤੇ ਗਠੀਲੇਪਣ ਦੀ ਇੱਕ ਪ੍ਰਤੱਖ ਤਸਵੀਰ ਹੈ। ਇਹ ਨਾਚ ਅਸਲ ਵਿੱਚ ਹੈ ਤਾਂ ਪੱਛਮੀ ਪੰਜਾਬ ਦੇ ਸ਼ੇਖ਼ੂਪੁਰੇ, ਗੁਜਰਾਤ ਤੇ ਸਿਆਲਕੋਟ ਜ਼ਿਲ੍ਹਿਆਂ ਦਾ ਪਰ ਜੋਸ਼-ਪ੍ਰਧਾਨ ਹੋਣ ਕਰਕੇ ਇਹ ਪੰਜਾਬ ਦਾ ਲੋਕ ਨਾਚ ਹੋ ਨਿੱਬੜਿਆ।

ਢੋਲ ਇਸ ਨਾਚ ਦਾ ਸਭ ਤੋਂ ਜ਼ਰੂਰੀ ਸਾਜ਼ ਹੈ, ਬਾਕੀ ਸਾਰੇ ਸਾਜ਼ ਉਸ ਦਾ ਸਾਥ ਦੇਣ ਲਈ ਹੁੰਦੇ ਹਨ। ਇਨ੍ਹਾਂ ਵਿੱਚ ਨਗੋਜ਼ੇ, ਤੂੰਬਾ, ਚਿਮਟਾ, ਕਾਟੋ, ਸੱਪ ਗੱਲ ਕੀ ਜਿਹੜਾ ਵੀ ਸਾਜ਼ ਕਿਸੇ ਕੋਲ ਹੋਵੇ ਨਾਲ ਢੁਕ ਜਾਂਦਾ ਹੈ। ਆਮ ਕਸਰਤ ਕਰਦੇ ਸਮੇਂ ਮਨੁੱਖ ਨੂੰ ਸਿਰਫ਼ ਸਰੀਰ ਦੀ ਤਕੜਾਈ ਦਾ ਹੀ ਖ਼ਿਆਲ ਹੁੰਦਾ ਹੈ, ਪਰ ਭੰਗੜਾ ਪਾਉਂਦੇ ਸਮੇਂ ਮਨ ਤੇ ਸਰੀਰ ਦੋਹਾਂ ਦੀ ਕਸਰਤ ਹੁੰਦੀ ਹੈ। ਇਹ ਇੱਕੋ ਨਾਚ ਹੈ ਜਿਹੜਾ ਪੰਜਾਬੀਆਂ ਨੂੰ ਖ਼ੁਸ਼ ਅਤੇ ਬਲਵਾਨ ਯੋਧੇ ਬਣੇ ਰਹਿਣ ਵਿੱਚ ਸਹਾਈ ਹੁੰਦਾ ਹੈ।

ਪੰਜਾਬੀ ਬੋਲੀ ਦੇ ਮੈਦਾਨੀ ਇਲਾਕੇ ਦੇ ਲੋਕ ਨਾਚਾਂ ਵਿੱਚੋਂ ਸਭ ਤੋਂ ਪਹਿਲਾ ਦਰਜਾ ਗਿੱਧੇ ਦਾ ਹੈ ਕਿਉਂਕਿ ਹੋਰ ਨਾਚਾਂ ਦਾ ਸਬੰਧ ਵਧੇਰੇ ਕਰਕੇ ਪੱਛਮੀ ਪੰਜਾਬ ਨਾਲ ਹੈ। ਗਿੱਧਾ ਹੈ ਤਾਂ ਸਾਰੇ ਪੰਜਾਬ ਦਾ ਹੀ, ਪਰ ਕਈ ਮੌਸਮ ਵੀ ਇਸ ਨਾਲ ਸਬੰਧ ਰੱਖਦੇ ਹਨ। ਸਾਉਣ ਦੇ ਮਹੀਨੇ ਔਰਤਾਂ ਗਿੱਧੇ ਨੂੰ ਇੱਕ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ। ਇਸ ਦੀ ਏਨੀ ਮਹੱਤਤਾ ਹੈ ਕਿ ਹਰ ਵਿਆਹੀ ਕੁੜੀ ਇਨ੍ਹਾਂ ਦਿਨਾਂ ਵਿੱਚ ਪੇਕੇ ਘਰ ਜ਼ਰੂਰ ਆਉਂਦੀ ਹੈ। ਗਿੱਧਾ ਪਾਉਂਦੀਆਂ ਕੁੜੀਆਂ ਕੇਵਲ ਨੱਚਦੀਆਂ ਹੀ ਨਹੀਂ ਸਗੋਂ ਮਨ ਦੇ ਭਾਵਾਂ ਨੂੰ ਖੁੱਲ੍ਹੀ ਤਰ੍ਹਾਂ ਪ੍ਰਗਟਾਉਂਦੀਆਂ ਹਨ ਜੋ ਗੀਤਾਂ ਰਾਹੀਂ ਹੁੰਦਾ ਹੈ। ਇਨ੍ਹਾਂ ਦੇ ਬੋਲ ਰਚਣ ਵਾਲੇ ਦਾ ਨਾਂ ਪਤਾ ਹੀ ਨਹੀਂ ਹੁੰਦਾ। ਕੁੜੀਆਂ ਆਪਣੇ ਮਨ ਦੇ ਪਿਆਰ ਉਛਾਲ ਨੂੰ ਨਿਡਰ ਹੋ ਪ੍ਰਗਟ ਕਰਦੀਆਂ ਹਨ ਜਿਵੇਂ:

ਤੈਨੂੰ ਵੇਖਿਆਂ ਸਬਰ ਨਾ ਆਵੇ  
ਯਾਰਾ ਤੇਰਾ ਘੁੱਟ ਭਰ ਲਾਂ

ਗਿੱਧੇ ਵਿੱਚ ਤਾਲ ਤਾੜੀ ਨਾਲ ਉਸਾਰਿਆ ਜਾਂਦਾ ਹੈ। ਬੋਲੀ ਪਾ ਕੇ ਉਸ ਬੋਲੀ ਦਾ ਭਾਵ ਨਾਚ ਅਭਿਨੈ ਜਾਂ ਨ੍ਰਿਤ ਨਾਟਕੀ ਢੰਗ ਨਾਲ ਸਾਕਾਰ ਕੀਤਾ ਜਾਂਦਾ ਹੈ। ਇਸ ਵਿੱਚ ਪਿਆਰ, ਬਿਰਹਾ ਤੇ ਨਿੱਤ ਦੇ ਘਰੇਲੂ ਜੀਵਨ ਦੀਆਂ ਝਾਕੀਆਂ ਹੁੰਦੀਆਂ ਹਨ। ਕੋਈ ਗੀਤ ਸੱਸ-ਨੂੰਹ ਦਾ ਝਗੜਾ ਦਰਸਾਉਂਦਾ ਹੈ, ਕਿਤੇ ਵੀਰ ਤੇ ਬਾਬਲ ਦੀ ਸਿਫ਼ਤ ਹੁੰਦੀ ਹੈ, ਕਿਤੇ ਮਾਂ ਦੀ ਛਾਂ ਦੀ ਗੱਲ ਤੇ ਕਿਤੇ ਪਤੀ ਦੀ ਮੁਹੱਬਤ ਤੇ ਕਦੀ ਪਤੀ ਦੀ ਬੁਰਾਈ।

ਝੂਮਰ ਪੰਜਾਬ ਦੇ ਲੋਕ ਨਾਚਾਂ ਵਿੱਚੋਂ ਸੱਭ ਤੋਂ ਵੱਧ ਕਲਾਤਮਿਕ ਨਾਚ ਹੈ। ਇਹ ਨਿਰੋਲ ਖ਼ੁਸ਼ੀ ਪ੍ਰਗਟਾਉਂਦਾ ਹੈ। ਝੂਮਰ ਨੱਚਣ ਵਾਲਾ ਬੜੇ ਕਲਾਤਮਿਕ ਤੇ ਨਜ਼ਾਕਤ ਨਾਲ ਝੂਮਦਾ ਹੈ ਜਿਵੇਂ ਫੁੱਲਾਂ ਲੱਦੀਆਂ ਡਾਲੀਆਂ ਝੂਮਦੀਆਂ ਹਨ। ਇਸ ਦੀ ਲੈਅ ਲੰਬੀ ਹੁੰਦੀ ਹੈ ਤੇ ਢੋਲ ਦੀ ਤਾਲ ਕੋਮਲ ਹੁੰਦੀ ਹੈ। ਅਸਲ ਵਿੱਚ ਇਹ ਲਹੂ ਗੇੜ ਵਰਗਾ ਹੈ ਤੇ ਚੱਕਰ ਧੁਨੀ ਨਾਲ ਮਘਦਾ ਹੈ।

ਝੂਮਰ ਪੱਛਮੀ ਪੰਜਾਬ ਦੇ ਸਾਂਦਲਬਾਰ ਦੇ ਵਸਨੀਕਾਂ ਦਾ ਮਰਦਾਵਾਂ ਨਾਚ ਹੈ। ਇਸ ਵਿੱਚ ਲਾਇਲਪੁਰ, ਸ਼ੇਖ਼ੂਪੁਰਾ, ਮਿੰਟਗੁਮਰੀ ਅਤੇ ਝੰਗ ਜ਼ਿਲ੍ਹਿਆਂ ਦਾ ਕੁਝ ਇਲਾਕਾ ਆਉਂਦਾ ਹੈ।

ਵਹੀਰਾਂ ਵਿੱਚ ਟੁਰਦੀਆਂ ਡਾਚੀਆਂ ਦੀਆਂ ਲੰਮੀਆਂ ਗਰਦਨਾਂ ਦਾ ਹੁਲਾਰ ਤੇ ਉਨ੍ਹਾਂ ਦੇ ਗਲ ਪਈਆਂ ਟੱਲੀਆਂ ਦੀ ਟੁਣਕਾਰ ਜਾਂਗਲੀਆਂ ਦੇ ਮਨਾਂ ਨੂੰ ਲੈਅ ਮਈ ਬਣਾ ਦਿੰਦੀਆਂ ਹਨ। ਇਹ ਲੋਕ ਆਪ ਤਾਂ ਨੱਚਦੇ ਹੀ ਸਨ ਆਪਣੇ ਘੋੜਿਆਂ ਤੇ ਊਠਾਂ ’ਤੇ ਬੈਠ ਕੇ ਉਨ੍ਹਾਂ ਨੂੰ ਵੀ ਖ਼ੁਸ਼ੀ ਵਿੱਚ ਨਚਾਉਂਦੇ ਸਨ। ਇਸ ਨਾਚ ਦਾ ਜ਼ਰੂਰੀ ਸਾਜ਼ ਵੀ ਢੋਲ ਹੀ ਹੈ ਤੇ ਢੋਲ ਵੀ ਅਜਿਹਾ ਜਿਸ ਦੀ ਆਵਾਜ਼ ਰਾਤ ਦੇ ਟਿਕਵੇਂ ਸਮੇਂ ਮੀਲਾਂ ਤਕ ਸੁਣਾਈ ਦਿੰਦੀ ਹੈ। ਮੱਠੀ ਨੂੰ ਝੂਮਰ ਤਾਲ, ਦੂਜੀ ਨੂੰ ਚੀਣ ਛੜਕਣ ਤੇ ਤੀਜੀ ਨੂੰ ਧਮਾਲ ਆਖਦੇ ਹਨ। ਕਈ ਵਾਰ ਢੋਲੀ ਆਪਣੀ ਤਰੰਗ ਵਿੱਚ ਆ ਕੇ ਗੌਣ ਲੱਗ ਪੈਂਦਾ ਹੈ।

ਮੈਂ ਤਾਂ ਪਾਣੀ ਭਰੇਨੀ ਆਂ ਪੱਤਣੋਂ  
ਭੈੜੇ ਨੈਣ ਨਾ ਰਹਿੰਦੇ ਤੱਕਣੋਂ

ਨੱਚਦੇ ਹੋਏ ਝੂਮਰੀ ਮੂੰਹ ਵਿੱਚੋਂ ਸ਼ੀ ਸ਼ੀ ਦੀ ਆਵਾਜ਼ ਕੱਢਦੇ ਹਨ ਜਿਸ ਨੂੰ ਛੁੰਮਣੀਆਂ ਕੱਢਣੀਆਂ ਕਹਿੰਦੇ ਹਨ।

ਸੰਮੀ ਔਰਤਾਂ ਦਾ ਨਾਚ ਹੈ ਤੇ ਇਸਦਾ ਸਬੰਧ ਵੀ ਸਾਂਦਲਬਾਰ ਦੇ ਇਲਾਕੇ ਨਾਲ ਹੈ। ਚਾਨਣੀਆਂ ਰਾਤਾਂ ਵਿੱਚ ਜਦੋਂ ਕੁੜੀਆਂ ਇੱਕਠੀਆਂ ਹੋ ਕੇ ਸੰਮੀ ਪਾਉਂਦੀਆਂ ਹਨ ਤਾਂ ਉਨ੍ਹਾਂ ਦੀਆਂ ਬਾਹਾਂ ਦੇ ਉਲਾਰ ਨਾਲ ਚੂੜੀਆਂ ਦੀ ਛਣਕਾਰ ਪੈਰਾਂ ਦੀ ਧਮਕ ਤੇ ਝਾਂਜਰਾਂ ਦੀ ਟੁਣਕਾਰ ਇੱਕੋ ਸਮੇਂ ਹੁੰਦੀ ਹੈ। ਇਸ ਨਾਚ ਵਿੱਚ ਕਿਸੇ ਸਾਜ਼ ਦੀ ਲੋੜ ਨਹੀਂ। ਤਾਲ ਦਾ ਹਿਸਾਬ ਕੇਵਲ ਤਾੜੀਆਂ ਤੇ ਚੁਟਕੀਆਂ ਨਾਲ ਹੀ ਰੱਖਿਆ ਜਾਂਦਾ ਹੈ। ਕਿੱਕਲੀ ਅਸਲ ਵਿੱਚ ਨਿੱਕੀਆਂ ਕੁੜੀਆਂ ਦਾ ਨਾਚ ਹੈ। ਕਦੇ ਕਦੇ ਨਿੱਕੇ ਮੁੰਡੇ ਕੁੜੀਆਂ ਰਲ ਕੇ ਵੀ ਕਿੱਕਲੀ ਪਾ ਲੈਂਦੇ ਹਨ। ਭਰਾ ਤੇ ਭੈਣ ਦਾ ਪਿਆਰ ਹਾਣ ਦਾ ਹੈ, ਇਹੀ ਕਾਰਨ ਹੈ ਕਿ ਕਿੱਕਲੀ ਵਿੱਚ ਬਹੁਤੇ ਗੀਤ ਭੈਣ ਵੱਲੋਂ ਭਰਾ ਦੇ ਪਿਆਰ ਦਾ ਵਰਣਨ ਕਰਦੇ ਹਨ ਜਿਵੇਂ :

ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ  
ਦੁਪੱਟਾ ਮੇਰੇ ਭਾਈ ਦਾ ਫਿੱਟੇ ਮੂੰਹ ਜਵਾਈ ਦਾ

ਇਸ ਤਰ੍ਹਾਂ ਹੀ ਲੁੱਡੀ ਪੰਜਾਬ ਦਾ ਖ਼ੁਸ਼ੀ ਦਾ ਨਾਚ ਹੈ। ਲੋਕ ਕਿਸੇ ਜਿੱਤ ਦੀ ਖ਼ੁਸ਼ੀ ਵਿੱਚ ਲੁੱਡੀ ਪਾਉਂਦੇ ਹਨ। ਅੱਜ ਦੇ ਯੁੱਗ ਵਿੱਚ ਲੋਕ ਨਾਚ ਸਿਰਫ਼ ਲੋਕ ਨਾਚ ਹੀ ਨਹੀਂ, ਇਸ ਦੇ ਵਿਖਾਵੇ ਵਿੱਚ ਲੋਕਾਂ ਦੇ ਸੂਝ ਪੱਧਰ ਦਾ ਵੀ ਪਤਾ ਲੱਗਦਾ ਹੈ। ਮੇਰੇ ਵਿਸ਼ਵਾਸ ਵਿੱਚ ਲੋਕ ਨਾਚ ਨੱਚਣ ਲਈ ਮਨ ਦਾ ਕਲਾਕਾਰ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬੀਆਂ ਦਾ ਦਿਲ ਬੜਾ ਨਿੱਘਾ ਹੈ ਤੇ ਇਹ ਬੜਾ ਭਰਪੂਰ ਹਾਸਾ ਹੱਸਦੇ ਹਨ। ਹਰ ਦੇਸ਼ ਦੀ ਕਲਾ ਉਸ ਦੇ ਸੱਭਿਆਚਾਰ ਦਾ ਪ੍ਰਤੀਕ ਹੋ ਨਿਬੜਦੀ ਹੈ।

THIRD GENERATION INDIAN TRADITIONAL ASTROLOGER

45 years of Worldwide experience

Do you have family problems, Children, Business, Education, Love, Relationship or health issues or Planetary Blockages

Don't worry Call:

ASTRO• BRIJ LAL SHARMA






Specialized in:
Yantrik - Mantrik & Tantrik way of solving the problems

484/3 Kamal Pur ... Phagwara road:- Hoshiarpur* (146001)

Mob• 94172-95740